ਮਨ ਦੀ ਸਫਦਰ

ਇਸੇ ਕਲਮ ਤੋਂ:-

- ਕਿਵੇਂ ਕਹਾਂ (ਕਾਵਿ-ਸੰਗ੍ਰਹਿ) 2005
  ਰੂਹ ਰਾਗ (ਕਾਵਿ-ਸੰਗ੍ਰਹਿ) 2014

ਮਨ ਦੀ ਸਾਫ਼ਸ

{ਗੀਤ ਸੰਗ੍ਰਹਿ}

ਪ੍ਰਭਜੋਤ ਸੋਹੀ

ਸਪਰੈੱਡ ਪਬਲੀਕੇਸ਼ਨ
ਪਟਿਆਲਾ

MAN DI SARDAL
(Songs)

By ©
Prabhjot Sohi
Mob: 98761-34028
E.mail. jattitude69@gmail.com

First Edition: 2021
ISBN : 978-

Price : - 200/-

Published by:
Spread Publication
Patiala (Punjab)
95016-60416, 96536-36316
spreadpublication@gmail.com

All rights Reserved

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copy right reserved above, no part of this publication may be reproduced, stored in or introduced into a retrie*val system, or transmitted in any form or by any means (electronic, mechanical, ph*otocopying, recording or otherwise), without the prior written permission of both the copy right owner and the above-mentioned publisher of this book.*

Ekta Printing Press

ਅਦਬ ਨਾਲ ਪਿਆਰ ਕਰਨ ਵਾਲ਼ਿਆਂ ਦੇ ਨਾਂ

ਤਰਤੀਬ

- ਭੂਮਿਕਾ 9
- ਪਲਕਾਂ ਦੀਆਂ ਨੋਕਾਂ 11
- ਧੀਆਂ ਦੀ ਲੋਹੜੀ 12
- ਰੂਹ ਦਾ ਬਾਗ਼ 14
- ਤਰਲਾ 16
- ਕਿਹੜੇ ਪੱਜ 18
- ਕੀ ਪਤਾ 20
- ਪੁੰਨਿਆ ਦਾ ਚੰਨ 21
- ਮਹੀਨਾ ਸੌਣ ਵੇ 23
- ਜਿੰਦ ਮੁੱਕਗੀ 25
- ਕੀ ਲਿਖਾਂ 27
- ਦਰਦ ਅਵੱਲਾ 29
- ਸਮੇਂ ਦਾ ਹੇਰ-ਫੇਰ 31
- ਸਾਨੂੰ ਕਦੇ 33
- ਦੱਸ ਨੀ ਜਿੰਦੇ 35
- ਪਹਿਲਾਂ ਵਰਗੀ ਮੁਹੱਬਤ 37
- ਤੇਰੀ ਯਾਦ 39

- ਰੰਗਲੀ ਦੁਪਹਿਰ 41
- ਤੇਰੀ ਤਸਵੀਰ 43
- ਰੇਸ਼ਮੀ ਲਿਬਾਸ 45
- ਕੀ ਮੋੜ ਲਏਗੀ 47
- ਛੱਡ ਖਹਿੜਾ 49
- ਉਹਦੇ ਦਿਲ ਤੋਂ 51
- ਸੁਪਨਾ 53
- ਫ਼ਰਿਆਦ 55
- ਦੱਸ ਵੇ ਦਿਲਾ 57
- ਪੌਣ ਬਣ ਜਾਵਾਂ 59
- ਵਤਨ 61
- ਦੁਆ 63
- ਇਸ਼ਕ 65
- ਖ਼ੌਫ਼ 67
- ਝਾਂਜਰ 69
- ਅੱਖੀਂ ਵੇਖ ਕੇ 71
- ਦਾਰੂ 73
- ਖ਼ੰਜਰ 75
- ਹੰਝੂਆਂ ਦੀ ਬਾਤ 77

- ਪੈੜਾਂ 79
- ਪੁਕਾਰ 81
- ਐਵੇਂ ਮੱਥੇ ਵੱਟ ਪਾ ਕੇ 83
- ਹਾਂ ਉਦਾਸ ਕਿਉਂ 85
- ਸਾਡਾ ਕੋਈ ਨਾ 87
- ਉਮਰਾਂ ਦੀ ਖੱਟੀ 88
- ਅਸੀਂ ਭੁੱਲ ਗਏ 90
- ਇਨ੍ਹਾਂ ਉਦਾਸੀਆਂ ਦਾ 92
- ਇਕ ਮੁੱਖੜਾ 94
- ਕੋਈ ਐਸਾ ਗੀਤ ਹੋਵੇ 96
- ਸਾਹਾਂ ਦਾ ਆਉਣ ਜਾਣ 98
- ਪੁੱਤ ਤੋਰ ਵਿਦੇਸ਼ਾਂ ਨੂੰ 99
- ਤੂੰ ਫ਼ਿਕਰ ਨਾ ਕਰ 101
- ਪਿੰਡ ਚੁੱਪ ਹੋ ਗਿਆ 103

ਭੂਮਿਕਾ

ਪਲਕਾਂ ਦੀਆਂ ਨੋਕਾਂ

ਪਲਕਾਂ ਦੀਆਂ ਨੋਕਾਂ 'ਤੇ ਕੋਈ ਸੁਪਨ ਸਜਾ ਸੱਜਣਾ
ਤੂੰ ਪਿਆਸੇ ਹੋਠਾਂ ਲਈ ਬਣ ਜਾ ਦਰਿਆ ਸੱਜਣਾ

ਰੂਹ ਧਰਤੀ 'ਤੇ ਤੇੜਾਂ, ਮਨ ਅੰਬਰੀਂ ਗਰਦ ਚੜ੍ਹੀ
ਠੰਡ ਸੀਨੇ ਪੈ ਜਾਵੇ ਐਸੀ ਬਾਤ ਸੁਣਾ ਸੱਜਣਾ
ਤੂੰ ਪਿਆਸੇ ਹੋਠਾਂ...

ਨਿੱਜ ਲਈ ਜਿਉਣਾ ਮਰਨਾ ਨਹੀਂ ਜ਼ਿੰਦਗੀ ਦਾ ਹਾਸਲ
ਡੁੱਬਦੇ ਲਈ ਬਣ ਤਿਣਕਾ ਰੋਗੀ ਲਈ ਦਵਾ ਸੱਜਣਾ
ਤੂੰ ਪਿਆਸੇ ਹੋਠਾਂ...

ਨਾ ਮਨ ਵਿਚ ਵੇਗ ਕੋਈ ਨਾ ਨੈਣੀਂ ਹੰਝ ਦਿਸੇ
ਸਾਹਾਂ ਦੀ ਸਰਗਮ ਨੂੰ ਬੇਸੁਰ ਨਾ ਵਜਾ ਸੱਜਣਾ
ਤੂੰ ਪਿਆਸੇ ਹੋਠਾਂ...

ਤੂੰ ਨੂਰ ਤੋਂ ਦੂਰ ਨਹੀਂ ਕਿਉਂ ਦਰ-ਦਰ ਭਟਕ ਰਿਹੈਂ
ਕਦੇ ਮਨ ਦੀ ਸਰਦਲ 'ਤੇ ਇਹ ਸਿਰ ਤਾਂ ਝੁਕਾ ਸੱਜਣਾ
ਤੂੰ ਪਿਆਸੇ ਹੋਠਾਂ...

❖

ਧੀਆਂ ਦੀ ਲੋਹੜੀ

ਨਵੀਂ ਰੀਤ ਚਲਾਈਏ ਲੋਹੜੀ ਧੀਆਂ ਦੀ ਮਨਾਈਏ
ਪੁੱਤਰਾਂ ਦੇ ਮੋਹ ਪਿੱਛੇ ਨਾ ਧੀਆਂ ਠੁਕਰਾਈਏ

ਜਿਹਨੇ ਜੰਮੇ ਨੇ ਰਾਜਾਨ ਉਹਨੂੰ ਆਖਦੈਂ ਤੂੰ ਮੰਦਾ
ਦੇਵੇਂ ਪੁੱਤਰਾਂ ਨੂੰ ਲੋਰੀ ਧੀਆਂ ਵਾਸਤੇ ਕਿਉਂ ਫੰਦਾ
ਉਹਨੂੰ ਸਮਝੇ ਪਰਾਈ ਜਿਹੜੀ ਤੇਰੇ ਘਰ ਜਾਈ ਏ
ਪੁੱਤਰਾਂ ਦੇ ਮੋਹ...

ਜਦੋਂ ਲਾਡਲੇ ਪੁੱਤਾਂ ਨੇ ਤੈਨੂੰ ਪਾਣੀ ਨਾ ਪਿਆਉਣਾ
ਉਦੋਂ ਇੱਕੋ ਬੋਲ ਉੱਤੇ ਧੀਆਂ ਭੱਜੀਆਂ ਨੇ ਆਉਣਾ
ਸਾਰੇ ਦੁੱਖਾਂ ਨੂੰ ਵੰਡਾਉਣਾ ਗੱਲ ਇਨ੍ਹਾਂ ਹਿੱਸੇ ਆਈ ਏ
ਪੁੱਤਰਾਂ ਦੇ ਮੋਹ...

ਨਾ ਇਹ ਚਾਹੁਣ ਜ਼ਮੀਨਾਂ ਨਾ ਹੀ ਦੌਲਤਾਂ ਦੀ ਝਾਕ
ਸੁੱਖ ਮੰਗਣ ਵੀਰਾਂ ਦੀ ਬਸ ਇੱਕੋ ਈ ਗੂੜ੍ਹਾ ਸਾਕ
ਜੱਗ ਜਨਣੀ ਦਾ ਵੀਰੋ ਆਉ ਮਾਣ ਵਧਾਈਏ
ਪੁੱਤਰਾਂ ਦੇ ਮੋਹ...

ਜਿਨ੍ਹਾਂ ਕਰ ਕੇ ਹੈ ਹੋਇਆ ਇਹ ਜਗਤ ਪਸਾਰਾ
ਕਰੇ ਇੱਜ਼ਤ ਧੀਆਂ ਦੀ 'ਸੋਹੀ' ਆਲਮ ਇਹ ਸਾਰਾ
ਨਾ ਸੋਹਲ ਜਿਹੀਆਂ ਜਿੰਦਾਂ ਬਲੀ ਦਾਜ ਦੀ ਚੜ੍ਹਾਈਏ
ਪੁੱਤਰਾਂ ਦੇ ਮੋਹ...

❖

ਰੂਹ ਦਾ ਬਾਗ਼

ਬੇਰੰਗ ਜ਼ਿੰਦਗੀ ਵਿਚ ਕੋਈ ਰੰਗ ਬਿਖਰਾ ਦੇਵੀਂ
ਇਕ ਚਾਨਣ ਦੀ ਰਿਸ਼ਮ ਮੇਰੇ ਨਾਂ ਲਾ ਦੇਵੀਂ

ਆਦਿ ਜੁਗਾਦਿ ਤੋਂ ਰੂਹ ਦਾ ਬਾਗ਼ ਉਜਾੜ ਪਿਐ
ਸੰਦਲੀ ਛੋਹ ਨਾਲ ਅੰਤਰ-ਮਨ ਮਹਿਕਾ ਦੇਵੀਂ
ਬੇਰੰਗ ਜ਼ਿੰਦਗੀ ਵਿਚ...

ਆਪਣੀ ਹਉਂ ਤੇ ਹੋਂਦ ਨੂੰ ਕਿਵੇਂ ਮਿਟਾ ਦੇਵਾਂ
ਆਸਰਿਆਂ ਬਿਨ ਜੀਣ ਦੀ ਜੁਗਤ ਸਿਖਾ ਦੇਵੀਂ
ਬੇਰੰਗ ਜ਼ਿੰਦਗੀ ਵਿਚ...

ਪਲ ਛਿਣ, ਪਲ ਛਿਣ ਲੋਅ ਪਈ ਘੱਟਦੀ ਜਾਂਦੀ ਐ
ਜੋਤ ਬੁਝਣ ਤੋਂ ਪਹਿਲਾਂ ਜੋਤ ਜਗਾ ਦੇਵੀਂ
ਬੇਰੰਗ ਜ਼ਿੰਦਗੀ ਵਿਚ...

ਇਹ ਜਨਮਾਂ ਦੀ ਪਿਆਸ ਜੁੱਗਾਂ ਦੀ ਭਟਕਣ ਇਹ
ਇਕ ਸਾਗਰ ਪੂਰਾ ਇਸ ਦੇ ਬੁੱਲ੍ਹੀਂ ਲਾ ਦੇਵੀਂ
ਬੇਰੰਗ ਜ਼ਿੰਦਗੀ ਵਿਚ...

ਜੇਹੀ ਦੁਨੀਆ ਬਾਹਰ ਤੇਹੀ ਇਕ ਅੰਦਰ ਵੀ
ਅੰਦਰ ਤੱਕਣ ਵਾਲ਼ੀ ਕੋਈ ਨਿਗਾਹ ਦੇਵੀਂ
ਬੇਰੰਗ ਜ਼ਿੰਦਗੀ ਵਿਚ...

ਬਸ ਝਲਕ ਤੇਰੀ ਇਕ ਕਿਧਰੇ ਸੱਜਣਾ ਮਿਲ ਜਾਵੇ
'ਸੋਹੀ' ਨੂੰ ਤੂੰ ਐਸੀ ਕੋਈ ਦੁਆ ਦੇਵੀਂ
ਬੇਰੰਗ ਜ਼ਿੰਦਗੀ ਵਿਚ...

❖

ਤਰਲਾ

ਕਦੇ ਹੱਸ ਕੇ ਬੋਲਿਆ ਕਰ ਮੱਖਣਾ
ਹਰ ਵੇਲ਼ੇ ਰਹਿਨੈ ਸੜਿਆ ਵੇ
ਅਸੀਂ ਲਾਵਾਂ ਤੇਰੇ ਨਾਲ ਲਈਆਂ
ਕੋਈ ਸੌਦਾ ਤਾਂ ਨ੍ਹੀਂ ਕਰਿਆ ਵੇ
ਕੋਈ ਸੌਦਾ ਤਾਂ ਨ੍ਹੀਂ ਕਰਿਆ ਵੇ

ਸੋਨੇ ਵਰਗੀ ਸੋਹਲ ਜਵਾਨੀ ਨੂੰ
ਤੂੰ ਕੌਡੀਓਂ ਖੋਟੀ ਕਰ ਛੱਡਿਆ
ਕੋਈ ਰੀਝ ਹੋਈ ਨਾ ਪੂਰੀ ਵੇ
ਮਾਪਿਆਂ ਦਾ ਜਦ ਤੋਂ ਘਰ ਛੱਡਿਆ
ਗਹਿਣਿਆਂ ਦੀ ਗੱਲ ਤਾਂ ਦੂਰ ਰਹੀ
ਇਕ ਸੂਟ ਨਾ ਤੈਥੋਂ ਸਰਿਆ ਵੇ
ਕਦੇ ਹੱਸ ਕੇ ਬੋਲਿਆ...

ਮੈਨੂੰ ਸਿਹਰੇ ਬੰਨ੍ਹ ਲਿਆਇਆ ਸੀ
ਹੁਣ ਪੁੱਛਦਾ ਹਾਲ ਨਾ ਮੇਰਾ ਵੇ
ਬਿਨ ਤੇਰੇ ਮੈਂ ਨ੍ਹੀਂ ਜੀਅ ਸਕਦੀ
ਐਡਾ ਨ੍ਹੀਂ ਮੇਰਾ ਜੇਰਾ ਵੇ
ਜੇ ਬਣਨਾ ਨ੍ਹੀਂ ਸੀ ਰਾਂਝਾ ਤੂੰ
ਨਾਂ ਮੇਰਾ ਹੀਰ ਕਿਉਂ ਧਰਿਆ ਵੇ
ਕਦੇ ਹੱਸ ਕੇ ਬੋਲਿਆ...

ਕਦੀ ਸੱਸ ਦੇ ਮਿਹਣੇ ਸੁਣਦੀ ਆਂ
ਕਦੇ ਰੋਅਬ ਨਣਦ ਦਾ ਸਹਿਨੀ ਆ
ਸਾਨੂੰ ਹੱਸ ਕੇ ਕੋਈ ਬੁਲਾਵੇ ਨਾ
ਹਰ ਵੇਲ਼ੇ ਰੋਂਦੀ ਰਹਿਨੀ ਆਂ
ਘਰ ਦਾ ਕੋਈ ਜੀਅ ਨਹੀਂ ਐਸਾ
ਜਿਹੜਾ ਸਾਡੇ ਨਾਲ ਨਾ ਲੜਿਆ ਵੇ
ਕਦੇ ਹੱਸ ਕੇ ਬੋਲਿਆ...

ਇਕ ਤੇਰੇ ਬਾਝੋਂ ਦੱਸ 'ਸੋਹੀ'
ਹੁਣ ਕੀਹਨੂੰ ਹਾਲ ਸੁਣਾਵਾਂ ਮੈਂ
ਮੈਂ ਰਾਣੀ ਰਾਜਾ ਤੂੰ ਹੋਵੇਂ
ਸੁਪਨਿਆਂ ਦਾ ਮਹਿਲ ਬਣਾਵਾਂ ਮੈਂ
ਇਕ ਮੈਂ ਹੋਵਾਂ ਇਕ ਤੂੰ ਹੋਵੇਂ
ਹੋਵੇ ਹੋਰ ਕੋਈ ਨਾ ਅੜਿਆ ਵੇ
ਕਦੇ ਹੱਸ ਕੇ ਬੋਲਿਆ...

❖

ਕਿਹੜੇ ਪੱਜ

ਨੀ ਮੈਂ ਕਿਹੜੇ ਪੱਜ ਮਨਾਵਾਂ ਰੁੱਸੇ ਹੋਏ ਮਾਹੀ ਨੂੰ
ਨੀ ਮੈਂ ਕਿਹੜੀ ਗੱਲ ਸੁਣਾਵਾਂ ਰੁੱਸੇ ਹੋਏ ਮਾਹੀ ਨੂੰ

ਬਣਜਾਂ ਸੁਗੰਧ ਜਾਂ ਮੈਂ ਬਣ ਜਾਵਾਂ ਪੌਣ ਨੀ
ਲਾ ਲਵਾਂ ਗੱਲੀਂ ਉਹਨੂੰ ਦਵਾਂ ਨਾ ਮੈਂ ਸੌਣ ਨੀ
ਰਹਿਜੇ ਤੱਕਦਾ ਉਹ ਸ਼ੋਖ਼ ਅਦਾਵਾਂ
ਨੀ ਮੈਂ ਕਿਹੜੇ ਪੱਜ...

ਭੁੱਜ ਖਿਲ ਹੋ ਜਾਂ ਜਦੋਂ ਬਹਿਜੇ ਪਿੱਠ ਮੋੜ ਕੇ
ਸੋਹਲ ਜਿਹਾ ਦਿਲ ਝੱਟ ਰੱਖ ਦੇਵੇ ਤੋੜ ਕੇ
ਕਿਵੇਂ ਬੀਤਦੀ ਆ ਕੀ ਮੈਂ ਸੁਣਾਵਾਂ
ਨੀ ਮੈਂ ਕਿਹੜੇ ਪੱਜ...

ਇਕ ਚਿੱਤ ਕਰੇ ਲੜਾਂ ਰੱਜ ਉਹਦੇ ਨਾਲ ਮੈਂ
ਬੁਲਾਈ ਵੀ ਨਾ ਬੋਲਾਂ ਬਸ ਅੱਜ ਉਹਦੇ ਨਾਲ ਮੈਂ
ਪਰ ਸ਼ਾਮ ਤਾਈਂ ਸਭ ਭੁੱਲ ਜਾਵਾਂ
ਨੀ ਮੈਂ ਕਿਹੜੇ ਪੱਜ...

ਪਿਆਰ ਵਾਲ਼ੀ ਰੁੱਤੇ ਤੂੰ ਤਾਂ ਕਰਦੈਂ ਲੜਾਈ ਵੇ
ਚੰਗੀ ਨਹੀਓਂ ਹੁੰਦੀ ਚੰਨਾ ਐਨੀ ਅੜਬਾਈ ਵੇ
'ਸੋਹੀ' ਮੇਲ ਨੂੰ ਤਰਸ ਗਈਆਂ ਬਾਹਵਾਂ
ਨੀ ਮੈਂ ਕਿਹੜੇ ਪੱਜ...

❖

ਕੀ ਪਤਾ

ਕੀ ਪਤਾ ਕਦ ਗੀਤ ਬਣ ਬੁੱਲ੍ਹੀਆਂ ਦੇ ਦਰ ਆਵੇ
ਯਾਦ ਤੇਰੀ ਦਾ ਕਿਣਕਾ ਸੱਖਣੇਪਣ ਨੂੰ ਭਰ ਜਾਵੇ

ਬਹੁਤ ਸਾਰੇ ਸ਼ਬਦ ਸੀ ਪਰ ਨਾ ਸੀ ਉਸ ਦੇ ਮੇਚ ਦੇ
ਲੱਭਿਆ ਨਾ ਐਸਾ ਸ਼ਬਦ ਜੋ ਕਰਾਮਾਤ ਕਰ ਜਾਵੇ
ਕੀ ਪਤਾ ਕਦ...

ਅਜਬ ਸੀ ਉਹਦੀ ਨਿਯਮਾਂਵਲੀ ਵੱਖਰਾ ਹੀ ਦਸਤੂਰ ਸੀ
ਮਿਲਦੀ ਸੀ ਉਦੋਂ ਹੀ ਜ਼ਿੰਦਗੀ ਜਦੋਂ ਕੋਈ ਮਰ ਜਾਵੇ
ਕੀ ਪਤਾ ਕਦ...

ਲਿਸ਼ਕ ਜਾਵੇ ਬੂੰਦ ਇਕ ਨੈਣਾਂ 'ਚ ਪਲ ਭਰ ਦੇ ਲਈ
ਸਾਹਾਂ ਦੇ ਦਰਮਿਆਨ ਜਦੋਂ ਹਉਕਾ ਕੋਈ ਠਰ ਜਾਵੇ
ਕੀ ਪਤਾ ਕਦ...

ਕਦੇ ਏਸ ਥਾਂ ਕਦੇ ਓਸ ਥਾਂ ਰਿਹਾ ਭਟਕਦਾ ਸੀ ਰਹਿਨੁਮਾ
ਸੀ ਉਹ ਮੁੱਦਤਾਂ ਤੋਂ ਲੋਚਦਾ ਕਦ ਆਪਣੇ ਘਰ ਜਾਵੇ
ਕੀ ਪਤਾ ਕਦ...

❖

ਪੁੰਨਿਆ ਦਾ ਚੰਨ

ਵੇ ਤੂੰ ਪੁੰਨਿਆ ਦਾ ਚੰਨ, ਮੈਂ ਤਾਂ ਮੱਸਿਆ ਦੀ ਰਾਤ
ਪਈ ਅਜ਼ਲੋਂ ਉਡੀਕਾਂ ਕੋਈ ਚਾਨਣੀ ਸੌਗਾਤ

ਮੈਂ ਮੁਹੱਬਤੋਂ ਵਿਹੂਣੀ ਨਾਲ ਦੁੱਖਾਂ ਪਰਣਾਈ
ਗ਼ਮ ਨਾਲ-ਨਾਲ ਰਹਿੰਦੇ ਬਣ ਮੇਰੀ ਪਰਛਾਈ
ਕਿੰਝ ਤੇਰੇ ਬੂਹੇ ਆਵਾਂ, ਲੈ ਕੇ ਬਿਰਹੋਂ ਬਰਾਤ
ਵੇ ਤੂੰ ਪੁੰਨਿਆ ਦਾ...

ਕੋਈ ਬੱਦਲੀ ਨਾ ਵਰ੍ਹੀ ਮਨ ਮਾਰੂਥਲ ਉੱਤੇ
ਸਾਡੇ ਚਾਅ ਕੁਮਲਾਏ ਫੁੱਲ ਖਿੜਨੇ ਦੀ ਰੁੱਤੇ
ਮੋਈਆਂ ਸੱਧਰਾਂ ਸਿਰ੍ਹਾਣੇ, ਪਾਵਾਂ ਹੌਕਿਆਂ ਦੀ ਬਾਤ
ਵੇ ਤੂੰ ਪੁੰਨਿਆ ਦਾ...

ਨੈਣੀਂ ਮਿਲਣੋਂ ਦੀ ਲੋਚਾ, ਬੁੱਲ੍ਹਾਂ ਉੱਤੇ ਫ਼ਰਿਆਦਾਂ
ਸਾਡਾ ਕੁੱਲ ਸਰਮਾਇਆ ਚੰਨ ਮਾਹੀ ਦੀਆਂ ਯਾਦਾਂ
ਝੋਲ਼ੀ ਸੱਖਣੀ 'ਚ ਪਾ ਦੇ ਅੱਲਾ ਵਸਲਾਂ ਦੀ ਦਾਤ
ਵੇ ਤੂੰ ਪੁੰਨਿਆ ਦਾ...

ਲੋਕੀ ਆਖਦੇ ਸ਼ੁਦੈਣ, ਮੈਂ ਤਾਂ ਤੇਰੇ ਰੰਗ ਰੱਤੀ
ਤੂੰ ਚੰਨ ਮੈਂ ਚਕੋਰ ਤੂੰ ਦੀਪ ਤੇ ਮੈਂ ਬੱਤੀ
ਗਲ਼ ਅਗਨੀ ਦਾ ਹਾਰ 'ਸੋਹੀ' ਬਲ਼ਾਂ ਸਾਰੀ ਰਾਤ
ਵੇ ਤੂੰ ਪੁੰਨਿਆ ਦਾ...

❖

ਮਹੀਨਾ ਸੌਣ ਵੇ

ਚੜ੍ਹ ਗਿਆ ਮਹੀਨਾ ਸੌਣ ਵੇ
ਫਿਰੇ ਮਹਿਕਾਂ ਵੰਡਦੀ ਪੌਣ ਵੇ
ਸਾਡੇ ਚਾਅ ਉਡਾਰੀਆਂ ਲਾਉਣ ਵੇ
ਕਿਤੇ ਨਜ਼ਰ ਜੇ ਆ ਜੇਂ
ਨਜ਼ਰ ਜੇ ਆ ਜੇਂ ਮਹਿਰਮਾ
ਠੰਡ ਸੀਨੇ ਪਾਜੇਂ

ਬੂਹੇ ਨਾਲ ਬੂਹਾ ਹੋ ਗਈ
ਤੇਰੇ ਖ਼ਾਬਾਂ ਦੇ ਵਿਚ ਖੋ ਗਈ
ਨੈਣਾਂ ਦਾ ਕਜਲਾ ਧੋ ਗਈ
ਵੇ ਵਾਛੜ ਗ਼ਮ ਦੀ
ਵਾਛੜ ਗ਼ਮ ਦੀ ਰਾਂਝਣਾ
ਰਹਿਗੀ ਵੀਣੀ ਕੰਬਦੀ

ਸਾਡਾ ਨਾ ਕੋਈ ਗ਼ਮਖ਼ਾਰ ਵੇ
ਸਦਾ ਰਹਿੰਦੈ ਦਿਲ 'ਤੇ ਭਾਰ ਵੇ
ਅਸੀਂ ਰਹਿਗੇ ਅੱਧ ਵਿਚਕਾਰ ਵੇ
ਕੱਚਿਆਂ 'ਤੇ ਤਰ ਕੇ ਸੋਹਣਿਆ
ਬਹਿਗੇ ਅਕਲਾਂ ਹਰਕੇ

ਜਿੱਥੇ ਪੈਂਦੀ ਤੇਰੀ ਦੱਸ ਵੇ
ਜਾਵਾਂ ਉੱਧਰ ਨੂੰ ਹੀ ਨੱਸ ਵੇ
'ਸੋਹੀ' ਮੇਰੇ ਕਿਹੜਾ ਵਸ ਵੇ
ਮੱਤ ਇਸ਼ਕੇ ਮਾਰੀ
ਮੱਤ ਇਸ਼ਕੇ ਮਾਰੀ ਚੰਨ ਵੇ
ਆਜਾ ਇਕ ਵਾਰੀ

❖

ਜਿੰਦ ਮੁੱਕਗੀ

ਜਿੰਦ ਮੁੱਕਗੀ ਕੁੰਦਨ ਦੇਹੀ ਸੁੱਕਗੀ
ਤੇ ਰੁਲ਼ ਗਿਆ ਜੱਟ ਮਿੱਤਰੋ
ਫੋਕੇ ਰਸਮ ਰਿਵਾਜ ਡੋਡੇ ਬੋਤਲਾਂ ਨੇ
ਦਿੱਤਾ ਇਹਨੂੰ ਪੱਟ ਮਿੱਤਰੋ

ਪੰਡ ਕਰਜ਼ੇ ਦੀ ਭਾਰੀ ਐਵੇਂ ਫੋਕੀ ਸਰਦਾਰੀ
ਕਦੇ ਇਹਦੇ ਲਈ ਨਾ ਬਹੁੜੀ ਕੋਈ ਨੀਤੀ ਸਰਕਾਰੀ
ਅੰਨਦਾਤੇ ਦੀ ਰੱਖਣ ਲਾਈ ਰੱਟ ਮਿੱਤਰੋ
ਫੋਕੇ ਰਸਮ ਰਿਵਾਜ...

ਝੂਠੀ ਸ਼ਾਨ, ਫੋਕੇ ਰੋਅਬ ਸਦਾ ਇਹਨੂੰ ਮਰਵਾਇਆ
ਥਾਣੇਦਾਰਾਂ, ਠੇਕੇਦਾਰਾਂ, ਸ਼ਾਹੂਕਾਰਾਂ ਹਿੱਸਾ ਪਾਇਆ
ਇਹਦੇ ਖੀਸੇ 'ਤੇ ਨਿਗ੍ਹਾ ਜਾਵੇ ਝੱਟ ਮਿੱਤਰੋ
ਫੋਕੇ ਰਸਮ ਰਿਵਾਜ...

ਗੀਤਕਾਰਾਂ, ਗਾਉਣ ਵਾਲ਼ਿਆਂ ਵੀ ਪੂਰੀ ਵਾਹ ਲਾਈ
ਐਵੇਂ ਕਾਗ਼ਜ਼ਾਂ 'ਚ ਕਰੀ ਜਾਣ ਜੱਟ ਦੀ ਚੜ੍ਹਾਈ
ਇਹਨੂੰ ਕਦੇ ਨਾ ਕਿਸੇ ਨੇ ਦਿੱਤੀ ਮੱਤ ਮਿੱਤਰੋ
ਫੋਕੇ ਰਸਮ ਰਿਵਾਜ...

ਹੱਥ ਅਕਲਾਂ ਨੂੰ ਮਾਰ 'ਸੋਹੀ' ਪੜ੍ਹਿਆ ਵਿਚਾਰ
ਜ਼ਰਾ ਉਨ੍ਹਾਂ ਨੂੰ ਵਿਚਾਰ ਜਿਹੜੇ ਕਰਦੇ ਖ਼ੁਆਰ
ਨਈਂ ਤਾਂ ਹੋਈ ਪਈ ਆ ਰਾਮ ਨਾਮ ਸੱਤ ਮਿੱਤਰੋ
ਫੋਕੇ ਰਸਮ ਰਿਵਾਜ...

❖

ਕੀ ਲਿਖਾਂ

ਮੈਂ ਕੀ ਲਿਖਾਂ, ਮੈਂ ਕੀ ਗਾਵਾਂ
ਕਿਵੇਂ ਚੰਦਰੇ ਦਿਲ ਨੂੰ ਸਮਝਾਵਾਂ
ਗ਼ਮ ਰਹਿੰਦੇ ਬਣ ਕੇ ਪਰਛਾਵਾਂ
ਮੁਕਾਇਆਂ ਮੁੱਕਦੇ ਨਾ
ਪਲਕਾਂ 'ਤੇ ਆ ਕੇ ਠਹਿਰ ਜਾਂਦੇ
ਇਹ ਹੰਝੂ ਸੁੱਕਦੇ ਨਾ
ਮੈਂ ਕੀ ਲਿਖਾਂ...

ਇਹ ਸੱਖਣਾਪਣ ਇਹ ਖ਼ਾਮੋਸ਼ੀ
ਇਹ ਰੰਗ ਤਮਾਸ਼ੇ ਮਦਹੋਸ਼ੀ
ਜਿੰਦ ਕੱਢਦੀ ਹਾੜੇ ਬੇਦੋਸ਼ੀ
ਪਰ ਖ਼ੰਜਰ ਰੁਕਦੇ ਨਾ
ਪਲਕਾਂ 'ਤੇ ਆ ਕੇ ਠਹਿਰ ਜਾਂਦੇ
ਇਹ ਹੰਝੂ ਸੁੱਕਦੇ ਨਾ
ਮੈਂ ਕੀ ਲਿਖਾਂ...

‘ਸੋਹੀ’ ਗ਼ਮ ਦੀ ਗੱਠੜੀ ਕਿੰਝ ਖੋਲ੍ਹਾਂ
ਤੂੰ ਜਾਣੇ ਸਭ ਮੈਂ ਕੀ ਬੋਲਾਂ
ਕਿਵੇਂ ਉਨ੍ਹਾਂ ਸਾਹਵੇਂ ਦਿਲ ਫੋਲਾਂ
ਜੋ ਦਿਲ ਤਕ ਪੁੱਜਦੇ ਨਾ
ਪਲਕਾਂ ’ਤੇ ਆ ਕੇ ਠਹਿਰ ਜਾਂਦੇ
ਇਹ ਹੰਝੂ ਸੁੱਕਦੇ ਨਾ
ਮੈਂ ਕੀ ਲਿਖਾਂ...

❖

ਦਰਦ ਅਵੱਲਾ

ਇਹ ਗ਼ਮ ਇਹ ਉਦਾਸੀ ਇਹ ਦਰਦ ਅਵੱਲਾ
ਮੇਰੇ ਕਿੰਨੇ ਨੇ ਸਾਥੀ ਨਹੀਂ ਹਾਂ ਮੈਂ 'ਕੱਲਾ

ਨਿੱਕੀ ਜਿਹੀ ਗੱਲ ਮੈਨੂੰ ਖ਼ੁਸ਼ ਕਰ ਹੈ ਜਾਂਦੀ
ਨਿੱਕੀ ਜਿਹੀ ਗੱਲ 'ਤੇ ਹੀ ਅੱਖ ਭਰ ਆਂਦੀ
ਬਹੁਤੇ ਸਿਆਣੇ ਕਹਿਣ ਮੈਨੂੰ ਝੱਲਾ
ਮੇਰੇ ਕਿੰਨੇ ਨੇ ਸਾਥੀ ...

ਮੇਰੇ ਮੂੰਹ 'ਤੇ ਮੈਨੂੰ ਜੋ ਕਹਿੰਦੇ ਨੇ ਆੜੀ
ਉਹੀ ਪਿੱਠ ਪਿੱਛੇ ਵਜਾਉਂਦੇ ਨੇ ਤਾੜੀ
ਇਹ ਦੋ ਮੂੰਹੀ ਦੁਨੀਆ ਬਣਾਈ ਕਿਉਂ ਅੱਲ੍ਹਾ
ਮੇਰੇ ਕਿੰਨੇ ਨੇ ਸਾਥੀ...

❖

ਜਿਹਨੂੰ ਪੇਸ਼ ਕੀਤੇ ਮੈਂ ਇਸ ਦਿਲ ਦੇ ਕਤਰੇ
ਉਹ ਕਹਿੰਦੀ ਮੁਹੱਬਤ 'ਚ ਲੱਖਾਂ ਨੇ ਖ਼ਤਰੇ
ਉਸ ਸੋਨੇ ਦੀ ਸ਼ੌਕਣ ਮੈਂ ਚਾਂਦੀ ਦਾ ਛੱਲਾ
ਮੇਰੇ ਕਿੰਨੇ ਨੇ ਸਾਥੀ...

ਕਿਰਨਾਂ ਦੇ ਵਾਰਿਸ ਕਹਾਉਂਦੇ ਜੋ ਲੋਕੀ
ਕਾਲਖ ਦੇ ਸੌਦੇ ਕਰਾਉਂਦੇ ਉਹ ਲੋਕੀ
ਕਾਲਖ ਤੋਂ 'ਸੋਹੀ' ਕਿਉਂ ਸਰਕਾਵੇਂ ਪੱਲਾ
ਮੇਰੇ ਕਿੰਨੇ ਨੇ ਸਾਥੀ...

❖

ਸਮੇਂ ਦਾ ਹੇਰ-ਫੇਰ

ਜੇ ਤੂੰ ਰੋਂਦੇ ਨੂੰ ਨਾ ਸਕਿਆ ਹਸਾ
ਜੇ ਤੂੰ ਰੋਗੀ ਲਈ ਨਾ ਬਣਿਆ ਦਵਾ
ਕਿਸ ਕੰਮ ਦੀ ਆ ਤੇਰੀ ਇਹ ਅਦਾ
ਇਹ ਦੌਲਤਾਂ ਦੇ ਢੇਰ ਬੰਦਿਆ
ਅੱਜ ਅਰਸ਼ ਤੇ ਕੱਲ੍ਹ ਨੂੰ ਫ਼ਰਸ਼ 'ਤੇ
ਸਮੇਂ ਦਾ ਹੇਰ-ਫੇਰ ਬੰਦਿਆ

ਇਹ ਰੰਗਲੇ ਲਿਬਾਸ ਸਦਾ ਰਹਿਣੇ ਨ੍ਹੀਂ
ਸਦਾ ਸਜਣੇ ਸਰੀਰ ਉੱਤੇ ਗਹਿਣੇ ਨ੍ਹੀਂ
ਇਨ੍ਹਾਂ ਧੌਲਰਾਂ ਦੇ ਕੌਡੀ ਮੁੱਲ ਪੈਣੇ ਨ੍ਹੀਂ
ਜਿਨ੍ਹਾਂ ਦੀ ਕਰੇਂ ਮੇਰ ਬੰਦਿਆ
ਅੱਜ ਅਰਸ਼ 'ਤੇ ਕੱਲ੍ਹ ਨੂੰ ਫ਼ਰਸ਼ 'ਤੇ
ਸਮੇਂ ਦਾ ਹੇਰ-ਫੇਰ...

ਤੇਰੇ ਹਾਸਿਆਂ 'ਚ ਅੱਜ ਨੇ ਜੋ ਹੱਸਦੇ
ਤੈਨੂੰ ਸਭ ਤੋਂ ਪਿਆਰਾ ਜਿਹੜੇ ਦੱਸਦੇ
ਦੇਖੀਂ ਸਾਰਿਆਂ ਤੋਂ ਮੂਹਰੇ ਉਹੀ ਨੱਸਦੇ
ਲਿਆ ਦੁੱਖਾਂ ਜਦੋਂ ਘੇਰ ਬੰਦਿਆ
ਅੱਜ ਅਰਸ਼ 'ਤੇ ਕੱਲ੍ਹ ਨੂੰ ਫ਼ਰਸ਼ 'ਤੇ
ਸਮੇਂ ਦਾ ਹੇਰ-ਫੇਰ...

ਅੱਗੇ ਲੰਘਣੇ ਦੀ ਦੌੜ ਸਦਾ ਮਾਰਦੀ
ਸੋਨੇ ਵਰਗੀ ਹਯਾਤੀ ਜਾਵੇ ਹਾਰਦੀ
'ਸੋਹੀ' ਸ਼ਾਇਰ ਦੀ ਕਲਮ ਪੁਕਾਰਦੀ
ਹੋ ਜੇ ਨਾ ਕਿਤੇ ਦੇਰ ਬੰਦਿਆ
ਅੱਜ ਅਰਸ਼ 'ਤੇ ਕੱਲ੍ਹ ਨੂੰ ਫ਼ਰਸ਼ 'ਤੇ
ਸਮੇਂ ਦਾ ਹੇਰ-ਫੇਰ...

❖

ਸਾਨੂੰ ਕਦੇ

ਸਾਨੂੰ ਕਦੇ ਹੱਸ ਕੇ ਬੁਲਾਉਂਦਾ ਈ ਨ੍ਹੀਂ
ਹੋਰਾਂ ਨਾਲ ਕਰਦਾ ਏਂ ਦਿਲਬਰੀਆਂ
ਸਾਡਾ ਚੇਤਾ ਤੈਨੂੰ ਕਦੇ ਆਉਂਦਾ ਈ ਨ੍ਹੀਂ
ਕਿਹੜੀ ਵੇ ਰਕਾਨ ਨਾਲ ਅੱਖਾਂ ਲੜੀਆਂ

ਚਾਈਂ-ਚਾਈਂ ਸਹੁਰੇ ਘਰ ਪੈਰ ਪਾਇਆ ਸੀ
ਰੰਗਲਾ ਮੈਂ ਚੂੜਾ ਬਾਹਾਂ 'ਚ ਸਜਾਇਆ ਸੀ
ਸੁਪਨੇ ਹਜ਼ਾਰਾਂ ਸੀ ਬਲੌਰੀ ਅੱਖਾਂ 'ਚ
ਪਿਆਰ ਦਾ ਮਹੱਲ ਖ਼ਾਬਾਂ 'ਚ ਬਣਾਇਆ ਸੀ
ਰੰਗ ਫਿੱਕਾ ਪੈ ਗਿਐ ਰੰਗੀਨ ਚੂੜੇ ਦਾ
ਟੁੱਟੀਆਂ ਤੜੱਕ ਖ਼ਾਬਾਂ ਦੀਆਂ ਲੜੀਆਂ
ਸਾਨੂੰ ਕਦੇ ਹੱਸ ਕੇ...

ਵੱਡੇ ਤੜਕੇ ਤੋਂ ਉੱਠ ਚੰਨ ਮੱਖਣਾ
ਗੋਲਾ ਧੰਦਾ ਤੇਰੇ ਘਰ ਦਾ ਮੈਂ ਕਰਦੀ
ਸਾਰੇ ਈ ਟੱਬਰ ਕੋਲ਼ੋਂ ਰਹਾਂ ਡਰ ਕੇ
'ਕੱਲੇ-'ਕੱਲੇ ਜੀਅ ਦਾ ਵੇ ਮੈਂ ਪਾਣੀ ਭਰਦੀ
ਸੱਸ, ਸਹੁਰਾ, ਨਣਦਾਂ, ਦਿਉਰ, ਜੇਠ ਵੇ
ਕੀਹਦੀਆਂ ਨੀ ਦਿਲ ਉੱਤੇ ਅਸਾਂ ਜਰੀਆਂ
ਸਾਨੂੰ ਕਦੇ ਹੱਸ ਕੇ...

ਡੁੱਬਦਾ ਏ ਸੂਰਜ ਜਦੋਂ ਵੀ ਸੋਹਣਿਆ
ਦਿਲ ਮੇਰਾ ਉਦੋਂ ਡੁਬੂੰ-ਡੁਬੂੰ ਕਰਦਾ
ਸਾਰੀਆਂ ਦੇ ਕੰਤ ਘਰੀਂ ਟੈਮ ਨਾਲ ਆਉਂਦੇ
ਅੱਧੀ ਰਾਤੀਂ ਤੂੰ ਤੇ ਚੰਨਾ ਘਰ ਵੜਦਾ
ਸਾਡੇ ਨਾਲੋਂ ਚੰਗੀਆਂ ਨੇ ਤੈਨੂੰ ਮਹਿਫ਼ਿਲਾਂ
ਬਣ ਕੇ ਉਡੀਕ ਮੈਂ ਦਰਾਂ 'ਚ ਖੜ੍ਹੀ ਆਂ
ਸਾਨੂੰ ਕਦੇ ਹੱਸ ਕੇ...

ਝੋਰਿਆਂ 'ਚ ਮੁੱਕਗੀ ਮਲੂਕ ਜਿੰਦੜੀ
ਅੱਖਾਂ ਟੂਣੇਹਾਰੀਆਂ ਦਾ ਪਿਆ ਮੁੱਲ ਨਾ
ਘਰੋਂ ਬਾਹਰ ਹੁੰਦੀਆਂ ਨੇ ਸੌਦੇਬਾਜ਼ੀਆਂ
ਦੌਲਤਾਂ ਦੇ ਢੇਰ ਤਾਂ ਵਫ਼ਾ ਦੇ ਤੁਲ ਨਾ
ਸਾਂਭ ਲੈ ਵਕਤ 'ਸੋਹੀ' ਦੇਰ ਹੋ ਜੇ ਨਾ
ਤੇਰੇ ਬਾਝੋਂ ਅੱਜ ਨ੍ਹੀਂ ਤੇ ਕੱਲ੍ਹ ਮਰੀ ਆਂ
ਸਾਨੂੰ ਕਦੇ ਹੱਸ ਕੇ...

❖

ਦੱਸ ਨੀ ਜਿੰਦੇ

ਦੱਸ ਨੀ ਜਿੰਦੇ ਤੂੰ ਕਾਹਨੂੰ ਇਸ਼ਕ ਸਹੇੜਿਆ
ਦਿਲ ਵਾਲ਼ਾ ਸ਼ੀਸ਼ਾ ਗਿਆ ਪਲਾਂ 'ਚ ਤਰੇੜਿਆ

ਇਹ ਸਾਗਰ ਗ਼ਮਾਂ ਦਾ ਸਾਰੇ ਤਰਦੇ ਨਹੀਂ ਜੀ
ਇਹ ਜ਼ਖ਼ਮ ਅਵੱਲੇ ਕਦੇ ਭਰਦੇ ਨਹੀਂ ਜੀ
ਝੱਟ ਰਿਸ ਪੈਂਦੇ ਨੇ ਇਹ ਜ਼ਰਾ ਜਿੰਨਾ ਛੇੜਿਆਂ
ਦੱਸ ਨੀ ਜਿੰਦੇ...

ਕੋਈ ਕਹੇ ਰੋਗ ਤੇ ਕੋਈ ਕਹੇ ਦਾਤ ਰੱਬ ਦੀ
ਇਸ਼ਕ ਦੇ ਬਾਰੇ ਰਾਇ ਵੱਖੋ-ਵੱਖ ਸਭ ਦੀ
ਸਮਝ ਨਾ ਆਈ ਕੀਤਾ ਯਤਨ ਬਥੇਰਿਆਂ
ਦੱਸ ਨੀ ਜਿੰਦੇ...

ਕਦੇ ਲੱਗੇ ਮਾਹੀ ਕਿਸੇ ਦੂਰ ਦੇਸ ਵਸਦਾ
ਕਦੇ-ਕਦੇ ਲੱਗੇ ਮੇਰੇ ਕੋਲ਼ ਖੜ੍ਹਾ ਹੱਸਦਾ
ਸੋਚਾਂ ਵਿਚ ਚੰਨ ਮੁੱਖ ਬੁਣਿਆ ਉਧੇੜਿਆ
ਦੱਸ ਨੀ ਜਿੰਦੇ...

ਰਹਾਂ ਤੱਕਦੀ ਮੈਂ ਰਾਹਵਾਂ ਕਨਸੋਆਂ ਲੈਂਦੀ ਫਿਰਦੀ
ਖ਼ੌਰੇ ਕਿੱਥੇ ਰਹਿੰਦੈ ਜਿਹਦੀ ਤਾਂਘ ਮੈਨੂੰ ਚਿਰ ਦੀ
ਪਤਾ ਨੀ ਕਿਉਂ 'ਸੋਹੀ' ਉਹਨੇ ਮੂੰਹ ਇੰਝ ਫੇਰਿਆ
ਦੱਸ ਨੀ ਜਿੰਦੇ...

❖

ਪਹਿਲਾਂ ਵਰਗੀ ਪਾਕ ਮੁਹੱਬਤ

ਪਹਿਲਾਂ ਵਰਗੀ ਪਾਕ ਮੁਹੱਬਤ ਅੱਜਕਲ੍ਹ ਕਿੱਥੇ ਲੱਭਦੀ ਆ
ਮਾਇਆ ਭਾਰੂ ਪਿਆਰ 'ਤੇ ਹੋਗੀ ਸਿੱਕਿਆਂ 'ਤੇ ਅੱਖ ਸਭ ਦੀ ਆ

ਆਪਣੇ ਘਰ ਨੂੰ ਸੇਕ ਲੱਗੇ ਤਾਂ ਹੋ ਜਾਂਦੀ ਹੈ ਗੱਲ ਜੁਦਾ
ਦੂਜੇ ਦੇ ਲੱਗੀ ਹੋਈ ਸਭ ਨੂੰ ਲਾਟ ਬਸੰਤਰ ਲੱਗਦੀ ਆ
ਪਹਿਲਾਂ ਵਰਗੀ ਪਾਕ ਮੁਹੱਬਤ...

ਯਾਰੀ ਪਿੱਛੇ ਜਾਨ ਗੁਆਉਣੀ ਗੱਲ ਹੈ ਬੀਤੇ ਸਮਿਆਂ ਦੀ
ਪੱਗ ਵਟਾ ਫਿਰ ਛੁਰੀ ਚਲਾਉਣੀ ਇਹੋ ਕਹਾਣੀ ਅੱਜ ਦੀ ਆ
ਪਹਿਲਾਂ ਵਰਗੀ ਪਾਕ ਮੁਹੱਬਤ...

ਇੱਕੋ ਛੱਤ ਥੱਲੇ ਦੋ ਦੇਹਾਂ ਰੂਹਾਂ ਹੋਣ ਲਈ ਤਰਸਦੀਆਂ
ਭਰਮ ਭੁਲੇਖਿਆਂ ਵਾਲ਼ੀ ਘਰ ਵਿਚ ਹਵਾ ਨਿਰੰਤਰ ਵਗਦੀ ਆ
ਪਹਿਲਾਂ ਵਰਗੀ ਪਾਕ ਮੁਹੱਬਤ...

ਭੋਲ਼ਾ-ਭਾਲ਼ਾ ਦੇਖ ਕੇ ਮੁਖੜਾ ਐਵੇਂ ਨਾ ਦਿਲ ਦੇ ਬੈਠੀਂ
ਮਾਸੂਮ ਚਿਹਰਿਆਂ ਵਾਲ਼ੀ ਦੁਨੀਆ ਪੈਰ-ਪੈਰ 'ਤੇ ਠੱਗਦੀ ਆ
ਪਹਿਲਾਂ ਵਰਗੀ ਮੁਹੱਬਤ...

ਜੇ ਉਹ ਮੰਗੇ ਸੋਚੀਂ ਨਾ ਜਿੰਦ ਤਲੀ 'ਤੇ ਧਰ ਕੇ ਦੇ ਦੇਵੀਂ
ਦਿਲ ਦੇ ਕੇ ਫਿਰ ਜਾਨ ਲੁਕੋਣੀ 'ਸੋਹੀ' ਗੱਲ ਨਾ ਫੱਬਦੀ ਆ
ਪਹਿਲਾਂ ਵਰਗੀ ਮੁਹੱਬਤ...

❖

ਤੇਰੀ ਯਾਦ

ਜਦੋਂ ਯਾਦ ਤੇਰੀ ਆਵੇ ਮੈਂ ਤਾਰਿਆਂ ਨੂੰ ਦੇਖਾਂ
ਮੇਰੀ ਚੁੱਪ ਗਾਈ ਜਾਵੇ ਮੈਂ ਤਾਰਿਆਂ ਨੂੰ ਦੇਖਾਂ

ਕੁੱਝ ਮੂੰਹੋਂ ਨਾ ਤੂੰ ਬੋਲੇਂ ਤੇ ਮੈਂ ਚੁੱਪ-ਚਾਪ ਸੁਣਾਂ
ਚਾਵਾਂ ਸੱਧਰਾਂ ਦੀ ਛਾਵੇਂ ਬੈਠ ਸੁਪਨੇ ਮੈਂ ਬੁਣਾਂ
ਤੂੰ ਸੁਗੰਧੀ ਬਣ ਜਾਵੇਂ ਮੈਂ ਤਾਰਿਆਂ ਨੂੰ ਦੇਖਾਂ
ਜਦੋਂ ਯਾਦ ਤੇਰੀ ਆਵੇ...

ਤੇਰੀ ਤੱਕਣੀ ਹੀ ਕਦੇ-ਕਦੇ ਬੋਲ ਬਣ ਜਾਵੇ
ਤੂੰ ਜੇ ਪਲਕਾਂ ਉਠਾਵੇਂ ਕਾਇਨਾਤ ਪਈ ਗਾਵੇ
ਸੁੱਧ-ਬੁੱਧ ਖੋ ਜਾਵੇ ਮੈਂ ਤਾਰਿਆਂ ਨੂੰ ਦੇਖਾਂ
ਜਦੋਂ ਯਾਦ ਤੇਰੀ ਆਵੇ...

ਮੇਰਾ ਚਿੱਤ ਕਰੇ ਤਾਰਿਆਂ 'ਚ ਤਾਰਾ ਬਣ ਜਾਵਾਂ
ਅੱਖਾਂ ਤੇਰੀਆਂ ਲਈ ਵੱਖਰਾ ਨਜ਼ਾਰਾ ਬਣ ਜਾਵਾਂ
ਤੂੰ ਨਜ਼ਰਾਂ ਮਿਲਾਵੇਂ ਮੈਂ ਤਾਰਿਆਂ ਨੂੰ ਦੇਖਾਂ
ਜਦੋਂ ਯਾਦ ਤੇਰੀ ਆਵੇ...

ਤੇਰੇ ਬੁੱਲ੍ਹਾਂ ਉੱਤੇ ਮੈਂ ਬਣ ਬੋਲ ਬੈਠ ਜਾਵਾਂ
ਤੂੰ ਗੀਤ ਬਣ ਜਾਵੇਂ ਤੇ ਮੈਂ ਰੂਹ ਨਾਲ ਗਾਵਾਂ
ਕਹਿ ਕੇ 'ਸੋਹੀ' ਤੂੰ ਬੁਲਾਵੇਂ ਮੈਂ ਤਾਰਿਆਂ ਨੂੰ ਦੇਖਾਂ
ਜਦੋਂ ਯਾਦ ਤੇਰੀ ਆਵੇ...

❖

ਰੰਗਲੀ ਦੁਪਹਿਰ

ਉਹਦੇ ਸ਼ਹਿਰ ਵਾਲ਼ੀ ਰੰਗਲੀ ਦੁਪਹਿਰ
ਭੁਲਾਇਆਂ ਨਈਂ ਭੁੱਲਦੀ
ਝੋਲ਼ੀ ਪੈ ਗਈ ਜਿਹੜੀ ਪਿਆਰ ਵਾਲ਼ੀ ਖ਼ੈਰ
ਭੁਲਾਇਆਂ ਨਈਂ ਭੁੱਲਦੀ

ਉਹਦਾ ਮੁੱਖ ਤੱਕਦੇ ਹੀ ਦੁੱਖ ਸਾਰੇ ਭੁੱਲ ਗਏ
ਇੱਕੋ ਛੋਹ ਦੇ ਨਾਲ ਸੀ ਨਸੀਬ ਸਾਡੇ ਖੁੱਲ੍ਹ ਗਏ
ਫਿਰ ਚੜ੍ਹੀ ਖ਼ੁਸ਼ਬੋਆਂ ਵਾਲ਼ੀ ਲਹਿਰ
ਭੁਲਾਇਆਂ ਨਈਂ ਭੁੱਲਦੀ
ਉਹਦੇ ਸ਼ਹਿਰ ਵਾਲ਼ੀ...

ਰੱਬ ਨੇ ਬਣਾਈ ਉਹ ਅਦੁੱਤੀ ਕੋਈ ਸ਼ੈਅ ਸੀ
ਉਹਦੇ ਬੋਲਾਂ ਵਿਚ ਕੋਈ ਵੱਖਰੀ ਹੀ ਲੈਅ ਸੀ
ਉਹ ਤਾਂ ਦਿਲਾਂ ਉੱਤੇ ਢਾਹੁੰਦੀ ਫਿਰੇ ਕਹਿਰ
ਭੁਲਾਇਆਂ ਨਈਂ ਭੁੱਲਦੀ
ਉਹਦੇ ਸ਼ਹਿਰ ਵਾਲ਼ੀ...

ਉਹ ਤਾਂ ਸਾਹਾਂ ਤੋਂ ਪਿਆਰੀ 'ਸੋਹੀ' ਅੰਬਰਾਂ ਤੋਂ ਉੱਚੀ
ਉਹਦਾ ਹੋਣਾ ਈ ਸਕੂਨ ਜਾਪੇ ਪਾਣੀ ਤੋਂ ਵੀ ਸੁੱਚੀ
ਹੋ ਗਈ ਆਪਣੀ ਰਹੀ ਨਾ ਹੁਣ ਗ਼ੈਰ
ਭੁਲਾਇਆਂ ਨਈਂ ਭੁੱਲਦੀ
ਉਹਦੇ ਸ਼ਹਿਰ ਵਾਲ਼ੀ...

❖

ਤੇਰੀ ਤਸਵੀਰ

ਹਰ ਸ਼ੈਅ ’ਚੋਂ ਅੱਜਕਲ੍ਹ ਦਿਸਦੀ ਆ
ਬਸ ਤੇਰੀ ਹੀ ਤਸਵੀਰ ਕੁੜੇ
ਕੰਨੀ ਕਾਂਟੇ, ਕੋਕਾ, ਨੱਥ, ਮੱਛਲੀ
ਕਦੇ ਗਲ਼ ਵਿਚ ਪਾਈ ਜ਼ੰਜੀਰ ਕੁੜੇ

ਏਸ ਮਤਲਬੀ ਜੱਗ ਉੱਤੇ
ਹੈ ਸੱਚੇ ਪਿਆਰ ਦਾ ਤੋੜਾ ਨੀ
ਗ਼ੈਰਾਂ ਦੀਆਂ ਗੱਲਾਂ ਵਿਚ ਆ ਕੇ
ਨਾ ਕਰਲੀਂ ਤੋੜ ਵਿਛੋੜਾ ਨੀ
ਅੱਲੜੇ ਤੂੰ ਪੁੱਤ ਸਰਦਾਰਾਂ ਦਾ
ਕਿਤੇ ਕਰ ਨਾ ਜਾਈਂ ਫ਼ਕੀਰ ਕੁੜੇ
ਹਰ ਸ਼ੈਅ...

ਜੇ ਸਰਦਾ ਹੋਵੇ ਸਾਰ ਲਈਏ
ਨਾਰੇ ਪਿਆਰ ਕਰਨ ਤੋਂ ਡਰੀਏ ਨੀ
ਇਕ ਵਾਰੀ ਨੇਹੁੰ ਜੇ ਲੱਗ ਜਾਵੇ
ਤਾਂ ਕੱਚਿਆਂ ਉੱਤੇ ਤਰੀਏ ਨੀ
ਹਰ ਵਾਅਦਾ ਇਸ਼ਕ ’ਚ ਹੋ ਜਾਵੇ
ਪੱਥਰ ’ਤੇ ਪਈ ਲਕੀਰ ਕੁੜੇ
ਹਰ ਸ਼ੈਅ...

ਹਰ ਗਲ਼ੀ ’ਚ ਆਸ਼ਕ ਮਿਲਦੇ ਨੇ
ਹਰ ਮੋੜ ’ਤੇ ਰਾਂਝਾ ਮਿਲ ਜਾਂਦੈ
ਇੱਥੇ ਕੌਡੀਆਂ ਦੇ ਬਦਲੇ ਦਿਲ ਵਿਕਦੇ
ਤੇ ਲੱਖੀਂ ਵਿਕੇ ਸਰੀਰ ਕੁੜੇ
ਹਰ ਸ਼ੈਅ...

ਮੈਂ ਜਾਣਦੈਂ ਅੱਜਕਲ੍ਹ ਦੁਨੀਆ ਵਿਚ
ਲੋਕੀ ਪਿਆਰ ਨੂੰ ਸ਼ੌਕ ਬਣਾਉਂਦੇ ਨੇ
ਪਰ ਸੱਚੇ ਆਸ਼ਕ ਤਾਂ ਬੱਲੀਏ
ਜਿੰਦ ਇਸ਼ਕ ਦੀ ਬਲੀ ਚੜ੍ਹਾਉਂਦੇ ਨੇ
ਤੂੰ ਹਾਕ ਮਾਰ ਕੇ ਵੇਖ ਸਹੀ
‘ਸੋਹੀ’ ਆਊ ਘੱਤ ਵਹੀਰ ਕੁੜੇ
ਹਰ ਸ਼ੈਅ...

❖

ਰੇਸ਼ਮੀ ਲਿਬਾਸ

ਵਾਂਗ ਮੌਸਮਾਂ ਦੇ ਜਦੋਂ ਯਾਰ ਬਦਲ ਨੇ ਜਾਂਦੇ
ਉਦੋਂ ਰੇਸ਼ਮੀ ਲਿਬਾਸ ਵੀ ਨੇ ਵੱਢ-ਵੱਢ ਖਾਂਦੇ

ਜਦੋਂ ਜਾਨ ਤੋਂ ਪਿਆਰਾ ਕੋਈ ਛੱਡ ਤੁਰ ਜੇ
ਡਲ਼ੀ ਬਰਫ਼ ਦੀ ਵਾਂਗੂੰ ਕੋਈ ਵਾਅਦਾ ਖੁਰ ਜੇ
ਆਪ ਬੀਤੀਆਂ ਸੁਣਾਉਂਦੇ ਰੋ-ਰੋ ਸੱਗੀਆਂ ਪਰਾਂਦੇ
ਵਾਂਗ ਮੌਸਮਾਂ ਦੇ...

ਹੰਝੂ ਤਿਪ-ਤਿਪ ਅੱਖੀਆਂ 'ਚੋਂ ਰਹਿਣ ਵਗਦੇ
ਦਿਲਬਰੀਆਂ ਦਿਲਾਸੇ ਨਹੀਉਂ ਚੰਗੇ ਲੱਗਦੇ
ਯਾਦ ਆ ਕੇ ਬੀਤੇ ਪਲ ਸਦਾ ਰਹਿੰਦੇ ਨੇ ਰਵਾਉਂਦੇ
ਵਾਂਗ ਮੌਸਮਾਂ ਦੇ...

ਖਿੱਚ ਸੀਨਿਆਂ ਦੀ ਕਦੇ ਨਾ ਜਿਉਣ ਜੋਗਾ ਛੱਡੇ
ਇਨ੍ਹੇ ਮਿੱਟੀ ਵਿਚ ਰੋਲ਼ਤੇ ਨਵਾਬ ਵੱਡੇ-ਵੱਡੇ
ਜਿਹੜੇ ਬੇਗੋ ਨਾਰ ਪਿੱਛੇ ਅੱਗ ਹੱਟ ਨੂੰ ਲਗਾਂਦੇ
ਵਾਂਗ ਮੌਸਮਾਂ ਦੇ...

ਇਹ ਮੁਹੱਬਤਾਂ ਦੀ ਗਾਥਾ ਕੀ ਕੋਈ ਸਮਝੇ ਅਨਾੜੀ
ਸਾਰੀ ਜ਼ਿੰਦਗੀ ਨ੍ਹੀਂ ਪਾਈ ਜਿਹਨੇ ਕਿਸੇ ਨਾਲ ਆੜੀ
ਸ਼ੱਮਾਂ ਉੱਤੇ ਪਰਵਾਨੇ ਕਿਵੇਂ ਮਰਨੇ ਲਈ ਆਂਦੇ
ਵਾਂਗ ਮੌਸਮਾਂ ਦੇ...

❖

ਕੀ ਮੋੜ ਲਏਗੀ

ਕੀ ਪਤਾ ਇਹ ਜ਼ਿੰਦਗੀ ਕੀ ਮੋੜ ਲਏਗੀ
ਕੀ ਖ਼ੁਸ ਜਾਵੇਗਾ ਤੇ ਨਵਾਂ ਕੀ ਇਹ ਦਏਗੀ

ਨਾੜੂਆ ਕੱਟਣਗੇ ਕਈ ਲੱਕੜਾਂ ਚਿਣਨਗੇ
ਜਸ਼ਨ ਮਨਾਉਣਗੇ ਕਈ ਸਾਹ ਪਏ ਗਿਣਨਗੇ
ਅੱਜ ਦੀ ਸਵੇਰ ਦੇਖੋ ਕਿਸ ਨੂੰ ਕੀ ਦਏਗੀ
ਕੀ ਪਤਾ...

ਇਹ ਹਾਸੇ ਮੁੱਕ ਜਾਣਗੇ, ਤਮਾਸ਼ੇ ਮੁੱਕ ਜਾਣਗੇ
ਸਾਗਰਾਂ 'ਚ ਪਾਣੀ ਨੈਣੀਂ ਨੀਰ ਸੁੱਕ ਜਾਣਗੇ
ਕਦੋਂ ਕੀ ਇਹ ਤੋੜੇਗੀ ਤੇ ਕੀ ਜੋੜ ਦਏਗੀ
ਕੀ ਪਤਾ...

ਟੁੱਟ ਜੂ ਅਕਸ ਕੋਈ ਫੁੱਲ ਨਵਾਂ ਖਿਲੇਗਾ
ਗਵਾਚੀ ਹੋਈ ਪੈੜ ਨੂੰ ਦਿਲਾਸਾ ਕੋਈ ਮਿਲੇਗਾ
ਉੱਠੇਗੀ, ਤੁਰੇਗੀ ਫਿਰ ਰਾਹ ਨਵੇਂ ਪਏਗੀ
ਕੀ ਪਤਾ...

ਕਬਰਾਂ 'ਚ ਲੰਮੀ ਤਾਣ ਚਿਹਰੇ ਸੌਂ ਜਾਣਗੇ
ਚੇਤਿਆਂ 'ਚ ਵਸਿਆ ਕੋਈ ਗੀਤ ਕਈ ਗਾਣਗੇ
ਸੱਧਰਾਂ ਦੀ ਬਲੀ 'ਸੋਹੀ' ਗੀਤ ਕੋਈ ਲਏਗੀ
ਕੀ ਪਤਾ...

❖

ਛੱਡ ਖਹਿੜਾ

ਛੱਡ ਖਹਿੜਾ ਦੁਨੀਆ ਦਾ ਦੁਨੀਆ ਤੋਂ ਲੈਣਾ ਕੀ
ਮਿਲਦਾ ਨ੍ਹੀਂ ਪਿਆਰ ਜਿੱਥੇ ਓਸ ਜਗ੍ਹਾ ਰਹਿਣਾ ਕੀ

ਕਿਸ ਤਰ੍ਹਾਂ ਦੇ ਲੋਕ ਨੇ ਇਹ ਕੈਸਾ ਸੰਸਾਰ ਹੈ
ਪੈਸੇ ਦੀ ਪ੍ਰੀਤ ਏਥੇ ਮੁੱਲ ਦਾ ਪਿਆਰ ਹੈ
ਕੰਨਾਂ ਨੂੰ ਜੋ ਖਾਵੇ ਪਿਆ ਉਹ ਦੱਸ ਗਹਿਣਾ ਕੀ
ਛੱਡ ਖਹਿੜਾ ਦੁਨੀਆ ਦਾ...

ਜਿਗਰ ਦੇ ਜ਼ਖ਼ਮਾਂ 'ਤੇ ਲੂਣ ਭੋਰਾ ਪਾ ਦਿਉ
ਸਹਿਕਦਾ ਨਾ ਛੱਡੋ ਇਹਦੀ ਅਲਖ ਮੁਕਾ ਦਿਉ
ਪੱਥਰ ਦੇ ਸੱਜਣਾ ਨੂੰ ਏਦੂੰ ਵੱਧ ਕਹਿਣਾ ਕੀ
ਛੱਡ ਖਹਿੜਾ ਦੁਨੀਆ ਦਾ...

ਤੇਰੇ ਇਹਨਾਂ ਹੌਕਿਆਂ ਦਾ ਮੁੱਲ ਕਿਸੇ ਪਾਉਣਾ ਨ੍ਹੀਂ
ਗੀਤ ਤੇਰੀ ਪ੍ਰੀਤ ਵਾਲ਼ਾ ਕਿਸੇ ਨੇ ਵੀ ਗਾਉਣਾ ਨ੍ਹੀਂ
ਪੈਸੇ ਦੇ ਪੁਜਾਰੀਆਂ ਨੇ ਕੁੱਲੀਆਂ 'ਚ ਰਹਿਣਾ ਕੀ
ਛੱਡ ਖਹਿੜਾ ਦੁਨੀਆ ਦਾ...

ਨਾਹੀਂ ਰੋਂਦੀ ਅੱਖ ਹੁਣ ਨਾ ਦਿਲ ਰੋਂਦਾ ਏ
'ਸੋਹੀ' ਹੁਣ ਆਪਣੀ ਹੀ ਲਾਸ਼ ਪਿਆ ਢੋਂਦਾ ਏ
ਲਾਸ਼ ਕੋਲ਼ ਮਿੱਤਰਾਂ ਨੇ ਬਹੁਤ ਚਿਰ ਬਹਿਣਾ ਕੀ
ਛੱਡ ਖਹਿੜਾ ਦੁਨੀਆ ਦਾ...

❖

ਉਹਦੇ ਦਿਲ ਤੋਂ

ਉਹਦੇ ਦਿਲ ਤੋਂ ਮੇਰੇ ਦਿਲ ਤਾਈਂ
ਇਹ ਮਹਿਕ ਜਿਹੀ ਜੋ ਆਉਂਦੀ ਐ
ਸਭ ਚੰਗਾ-ਚੰਗਾ ਲੱਗਦਾ ਐ
ਸਾਹਾਂ 'ਚੋਂ ਸੁਗੰਧੀ ਆਉਂਦੀ ਐ

ਉਹ ਕੋਲ਼ ਹੋ ਕੇ ਵੀ ਦੂਰ ਹੋਵੇ
ਦੂਰੋਂ ਵੀ ਕੋਲ਼ੇ ਲੱਗਦੀ ਆ
ਇਕ ਨਦੀ ਨੂਰ ਦੀ ਇਉਂ ਜਾਪੇ
ਕਿਤੇ ਆਸ-ਪਾਸ ਪਈ ਵਗਦੀ ਆ
ਘਣਘੋਰ ਘਟਾ ਬਣ ਕੇ ਜਦ ਉਹ
ਤਪਦੀ ਰੂਹ 'ਤੇ ਛਾਉਂਦੀ ਆ
ਉਹਦੇ ਦਿਲ ਤੋਂ...

ਕੀ ਹੁਸਨ ਜਵਾਨੀ ਸ਼ੋਖ਼ ਅਦਾ
ਹਰ ਜਲਵਾ ਉਹਦਾ ਸਿਖ਼ਰਾਂ 'ਤੇ
ਜਦੋਂ ਪਿਆਰ ਪਾਤੀਆਂ ਪੜ੍ਹਦੀ ਆ
ਆ ਜਾਂਦੀ ਜਵਾਨੀ ਅੱਖਰਾਂ 'ਤੇ
ਦਿਲ ਬਣ ਕੇ ਧਰਤੀ ਧੜਕ ਉੱਠੇ
ਜਿੱਥੇ ਪੋਲਾ ਪੱਬ ਟਿਕਾਉਂਦੀ ਆ
ਉਹਦੇ ਦਿਲ ਤੋਂ...

ਨੈਣਾਂ ’ਚ ਸ਼ਰਾਰਤ ਹੈ ਉਸ ਦੇ
ਬੁੱਲ੍ਹਾਂ ’ਤੇ ਬੁਝਾਰਤ ਨੱਚਦੀ ਐ
ਚੁੱਪ ਵਰਗੀ ਕੁੜੀ ਦਾ ਕੀ ਕਹਿਣਾ
ਹਰ ਰੰਗ ’ਚ ਉਹ ਤਾਂ ਜਚਦੀ ਆ
ਉਦੋਂ ਹੋਸ਼ ਟਿਕਾਣੇ ਨਈਂ ਰਹਿੰਦੀ
ਜਦ ‘ਸੋਹੀ’ ਆਖ ਬੁਲਾਉਂਦੀ ਆ
ਉਹਦੇ ਦਿਲ ਤੋਂ...

❖

ਸੁਪਨਾ

ਕੱਲ੍ਹ ਤੱਕਿਆ ਸੀ ਜੋ ਸੁਪਨਾ
ਅੱਜ ਸੱਚ ਹੋ ਚੱਲਿਆ ਵੇ
ਸਾਨੂੰ ਧਰਤੀ 'ਤੇ ਸੱਚੇ ਰੱਬ ਨੇ
ਬਸ ਤੇਰੇ ਲਈ ਹੀ ਘੱਲਿਆ ਵੇ

ਤੂੰ ਹੀ ਜਿੰਦ ਤੂੰ ਹੀ ਜਾਨ ਮੇਰੀ
ਮੇਰੀ ਖ਼ੁਸ਼ੀ ਮੁਸਕਾਨ ਮੇਰੀ
ਕੁੱਲ ਦੁਨੀਆ ਦੇ ਦਰ ਛੱਡ ਕੇ
ਆਣ ਬੂਹਾ ਤੇਰਾ ਮੱਲਿਆ ਵੇ
ਕੱਲ੍ਹ ਤੱਕਿਆ ਸੀ...

ਤੇਰੇ ਹੱਥਾਂ ਦੀ ਛੋਹ ਸੱਜਣਾ
ਲਵੇ ਮਨ ਮੇਰਾ ਮੋਹ ਸੱਜਣਾ
ਫਿਰ ਜਜ਼ਬੇ ਦਾ ਹੜ੍ਹ ਸੋਹਣਿਆ
ਸਾਥੋਂ ਜਾਵੇ ਨਾ ਠੱਲਿਆ ਵੇ
ਕੱਲ੍ਹ ਤੱਕਿਆ ਸੀ...

ਤੈਨੂੰ ਤੱਕਾਂ ਹੋਵੇ ਈਦ ਮੇਰੀ
ਜਦੋਂ ਹੋ ਜਾਵੇ ਦੀਦ ਤੇਰੀ
ਲੱਗੇ ਤੇਰੀ ਮੇਰੀ ਪ੍ਰੀਤ ਤਾਈਂ
ਇਕ ਯੁੱਗ ਹੋ ਚੱਲਿਆ ਵੇ
ਕੱਲ੍ਹ ਤੱਕਿਆ ਸੀ...

❖

ਫ਼ਰਿਆਦ

ਕੀਹਦੇ ਕੋਲ਼ ਕਰਾਂ ਫ਼ਰਿਆਦ ਚੰਨ ਮੇਰਿਆ
ਕੱਖਾਂ ਵਾਂਗੂੰ ਰੁਲ਼ਾਂ ਤੇਰੇ ਬਾਅਦ ਚੰਨ ਮੇਰਿਆ

ਤੇਰੇ ਲਈ ਸੀ ਖੇਡ ਜਿਹੜੀ ਸਾਡੇ ਲਈ ਪਿਆਰ ਸੀ
ਤੇਰੇ ਉੱਤੋਂ ਮੱਖਣਾ ਵੇ ਜਿੰਦ ਛੱਡੀ ਵਾਰ ਸੀ
ਭੁੱਲ ਗਿਓਂ ਤੂੰ ਸਾਡੇ ਯਾਦ ਚੰਨ ਮੇਰਿਆ
ਕੀਹਦੇ ਕੋਲ਼ ਕਰਾਂ...

ਝੜੇ ਹੋਏ ਪੱਤਿਆਂ ਤੇ ਟੁੱਟੇ ਹੋਏ ਤਾਰਿਆਂ ਦਾ
ਪੁੱਛਦਾ ਨਾ ਹਾਲ ਕੋਈ ਕਰਮਾਂ ਦੇ ਮਾਰਿਆਂ ਦਾ
ਆਖ਼ਰ ਨੂੰ ਹੋਣਾ ਬਰਬਾਦ ਚੰਨ ਮੇਰਿਆ
ਕੀਹਦੇ ਕੋਲ਼ ਕਰਾਂ...

ਸਾਡਾ ਸੀ ਤੂੰ ਰੱਬ ਤੇਰਾ ਰੱਬ ਕੋਈ ਹੋਰ ਸੀ
ਸਾਨੂੰ ਕੀ ਪਤਾ ਸੀ ਤੇਰੇ ਚਿੱਤ ਵਿਚ ਚੋਰ ਸੀ
ਜਿੱਥੇ ਰਹੋਂ, ਰਹੋਂ ਤੂੰ ਆਬਾਦ ਚੰਨ ਮੇਰਿਆ
ਕੀਹਦੇ ਕੋਲ਼ ਕਰਾਂ...

ਬਿਰਹੋਂ ਦੇ ਸੱਲ ਸਾਥੋਂ ਜਾਣ ਨਾ ਸਹਾਰੇ ਵੇ
ਯਾਦਾਂ ਤੇਰੀਆਂ ਨੇ ਬਾਣ ਸੀਨੇ ਵਿਚ ਮਾਰੇ ਵੇ
ਜ਼ਖ਼ਮਾਂ ਦੇ ਬਣਗੇ ਬੁਖਾਦ ਚੰਨ ਮੇਰਿਆ
ਕੀਹਦੇ ਕੋਲ਼ ਕਰਾਂ...

ਨਦੀ ਦੇ ਕਿਨਾਰੇ ਹੁਣ ਰੁੱਖ ਜਿਹੀ ਗੱਲ ਵੇ
ਜ਼ਿੰਦਗੀ ਦਾ ਬੂਹਾ 'ਸੋਹੀ' ਮੌਤ ਬੈਠੀ ਮੱਲ ਵੇ
ਤੇਰੇ ਬੂਹੇ ਮਰਾਂ ਇਹ ਮੁਰਾਦ ਚੰਨ ਮੇਰਿਆ
ਕੀਹਦੇ ਕੋਲ਼ ਕਰਾਂ...

❖

ਦੱਸ ਵੇ ਦਿਲਾ

ਦੱਸ ਵੇ ਦਿਲਾ ਵੇ, ਦਿਲਾ, ਦਿਲਾ ਦੱਸ ਵੇ
ਅੱਜਕਲ੍ਹ ਪੈ ਗਿਐਂ ਤੂੰ ਕਿਹਦੇ ਵੱਸ ਵੇ
ਐਵੇਂ ਈ ਰੋ ਪੈਨਾ ਐਵੇਂ ਈ ਪੈਨਾ ਹੱਸ ਵੇ
ਦੱਸ ਵੇ ਦਿਲਾ, ਵੇ ਦਿਲਾ, ਦਿਲਾ ਦੱਸ ਵੇ

ਹੋ ਗਿਆ ਕੀ ਤੈਨੂੰ ਕਿਹੜਾ ਰੋਗ ਲਾ ਲਿਆ
ਨੀਂਦ ਵੀ ਗੁਆ ਲੀ ਚੈਨ ਵੀ ਗਵਾ ਲਿਆ
ਚੱਤੋਂ ਪਹਿਰ ਕਰੇਂ ਕਾਹਤੋਂ ਟੱਸ-ਟੱਸ ਵੇ
ਦੱਸ ਵੇ ਦਿਲਾ...

ਹੱਸਦਾ ਸੀ ਰਹਿੰਦਾ ਹੋਰਾਂ ਨੂੰ ਹਸਾਉਂਦਾ ਸੀ
ਖ਼ੁੱਲ੍ਹੀਆਂ ਫ਼ਿਜ਼ਾਵਾਂ ਵਿਚ ਪੈਲਾਂ ਪਾਉਂਦਾ ਸੀ
ਕਾਟੀ ਮਾਰ ਸਿੱਟ ਲਿਆ ਕੀਹਨੇ ਝੱਟ ਵੇ
ਦੱਸ ਵੇ ਦਿਲਾ...

ਕੀਹਦੀ ਭਰੇ ਹਾਮੀ ਵੇ ਤੂੰ ਕੀਹਦਾ ਹੋ ਗਿਐਂ
ਨੈਣਾਂ ਵਾਲ਼ਿਆਂ ਦੀ ਦੁਨੀਆ 'ਚ ਖੋ ਗਿਐਂ
ਇਸ਼ਕੇ ਦੇ ਨਾਗ ਤੈਨੂੰ ਲਿਐ ਡੱਸ ਵੇ
ਦੱਸ ਵੇ ਦਿਲਾ...

ਚੰਗੇ ਰਹਿੰਦੇ ਅੱਖਾਂ ਹੁੰਦੀਆਂ ਨਾ ਚਾਰ ਜੇ
ਬਣਦੇ ਨਾ, ਕਿਸੇ ਨੂੰ ਬਣਾਉਂਦੇ ਯਾਰ ਜੇ
ਕਰੀਏ ਕੀ 'ਸੋਹੀ' ਕੁੱਝ ਤੁਹੀਓਂ ਦੱਸ ਵੇ
ਦੱਸ ਵੇ ਦਿਲਾ...

❖

ਪੌਣ ਬਣ ਜਾਵਾਂ

ਮੈਂ ਪੌਣ ਬਣ ਜਾਵਾਂ, ਮੈਂ ਮਹਿਕ ਬਣ ਜਾਵਾਂ
ਨੀ ਮੈਂ ਬਣ ਕਸਤੂਰੀ, ਉਸ ਦੇ ਸਾਹੀਂ ਘੁਲ਼ ਜਾਵਾਂ

ਜਦ ਉਹ ਨੈਣ ਮਿਲਾਵੇ, ਮਿੰਨਾ-ਮਿੰਨਾ ਮੁਸਕਾਵੇ
ਮਨ ਮਦਹੋਸ਼ ਹੋ ਜੇ, ਜਿੰਦ ਡਿੱਕ ਡੋਲੇ ਖਾਵੇ
ਚਿੱਤ ਹੋਰੂੰ-ਹੋਰੂੰ ਕਰੇ, ਕਿਵੇਂ ਚਿੱਤ ਸਮਝਾਵਾਂ
ਮੈਂ ਪੌਣ ਬਣ ਜਾਵਾਂ...

ਜੇ ਮੈਂ ਮੂੰਹੋਂ ਕੁੱਝ ਬੋਲਾਂ, ਉਹਦਾ ਨਾਂ ਬਣ ਜਾਵੇ
ਉਹਦਾ ਜ਼ਿਕਰ ਜੇ ਛਿੜੇ, ਮੇਰੀ ਅੱਖ ਭਰ ਆਵੇ
ਕਰਾਂ ਯਤਨ ਬਥੇਰੇ, ਬੜਾ ਲੋਕਾਂ ਤੋਂ ਲੁਕਾਵਾਂ
ਮੈਂ ਪੌਣ ਬਣ ਜਾਵਾਂ...

ਕਦੇ ਜੀ ਕਰੇ ਥਲਾਂ ਵਿਚ ਸੜ ਮਰ ਜਾਵਾਂ
ਕਦੇ ਜੀਅ ਕਰੇ ਕੱਚੇ 'ਤੇ ਝਨਾਂ ਤਰ ਜਾਵਾਂ
ਸੱਸੀ ਸੋਹਣੀ ਵਾਲ਼ੀ ਹੋਣੀ, ਤਨ ਆਪਣੇ ਹੰਢਾਵਾਂ
ਮੈਂ ਪੌਣ ਬਣ ਜਾਵਾਂ...

ਦੱਸੋ ਅੜੀਉ ਕੀ ਕਰਾਂ, ਕਿਵੇਂ ਉਹਨੂੰ ਚੰਗੀ ਲੱਗਾਂ
ਕਿਹੜਾ ਹਾਰ ਤੇ ਸ਼ਿੰਗਾਰ ਕਰ ਠੱਗ ਨੂੰ ਮੈਂ ਠੱਗਾਂ
'ਸੋਹੀ' ਔਸੀਆਂ ਨੂੰ ਪੁੱਛਾਂ, ਪੁੱਛਾਂ ਸੰਦਲੀ ਹਵਾਵਾਂ
ਮੈਂ ਪੌਣ ਬਣ ਜਾਵਾਂ...

❖

ਵਤਨ

ਮੇਰਾ ਵਤਨ ਪਿਆ ਅੱਜ ਖ਼ੂਨ ਦੇ ਅੱਥਰੂ ਰੋਵੇ
ਹੈ ਕੋਈ ਮਰਜੀਵੜਾ ਇਹਦੇ ਜ਼ਖ਼ਮ ਜੋ ਧੋਵੇ

ਹਰ ਪਲ ਨਿਸ ਦਿਨ ਏਸ ਦੀ ਪਈ ਰੂਹ ਕੁਰਲਾਵੇ
ਹਰ ਇਕ ਰਾਹ ਹੁਣ ਜਾਪਦੈ ਸਿਵਿਆਂ ਵੱਲ ਜਾਵੇ
ਅੱਖਾਂ ਰਾਹੀਂ ਮਹਿਰਮਾ ਹੁਣ ਦਿਲ ਪਿਆ ਚੋਵੇ
ਮੇਰਾ ਵਤਨ ਪਿਆ...

ਹਰ ਘਰ ਵਿਚ ਹੁਣ ਏਸ ਦੇ ਪਏ ਹੋਣ ਸਿਆਪੇ
ਪੁੱਤਰ-ਪੁੱਤਰ ਕੂਕਦੇ ਕਈ ਮਰ ਗਏ ਮਾਪੇ
ਗ਼ਮ ਜਿਗਰ ਦਾ ਦੋਸਤੋ ਹੁਣ ਨਾ ਦੱਸ ਹੋਵੇ
ਮੇਰਾ ਵਤਨ ਪਿਆ...

ਜੂਹਾਂ ਸੱਥਾਂ ਰੋਂਦੀਆਂ ਹੁਣ ਖੇਤ ਵੀ ਰੋਵਣ
ਤੱਕ ਥਾਂ-ਥਾਂ ਪੱਗਾਂ ਰੁਲ਼ਦੀਆਂ ਪਏ ਆਪਾ ਖੋਵਣ
ਆਪਣੇ ਗੱਭਰੂ ਪੁੱਤ ਨੂੰ ਮਾਂ ਕਿੰਝ ਲੁਕੋਵੇ
ਮੇਰਾ ਵਤਨ ਪਿਆ...

ਹੀਰਿਆਂ ਵਰਗੇ ਗੱਭਰੂ ਨਸ਼ਿਆਂ ਨੇ ਖਾ ਲਏ
ਦੂਜੇ ਪਾਸੇ ਲੀਡਰਾਂ ਬਹੁ-ਮੰਜ਼ਲੇ ਪਾ ਲਏ
ਕਰੋ ਸ਼ਨਾਖ਼ਤ ਉਸ ਦੀ ਜੋ ਰੋਟੀ ਖੋਹਵੇ
ਮੇਰਾ ਵਤਨ ਪਿਆ...

ਕੁਰਸੀ ਰੰਗੇ ਰਹਿਬਰੋ ਕੁੱਝ ਸੋਚ ਵਿਚਾਰੋ
ਆਪਣੇ ਹੱਥੀਂ ਕੌਮ ਨੂੰ ਨਾ ਅੱਗ ਵਿਚ ਸਾੜੋ
ਐ 'ਸੋਹੀ' ਰੋਂਦਾ ਗੀਤ ਵੀ ਹੁਣ ਨਾ ਚੁੱਪ ਹੋਵੇ
ਮੇਰਾ ਵਤਨ ਪਿਆ...

❖

ਦੁਆ

ਅਸੀਂ ਕਰਦੇ ਹਾਂ ਇਹੋ ਹੀ ਦੁਆ ਸੋਹਣਿਆ
ਵੇ ਤੂੰ ਸਾਡੀ ਵੀ ਔਧ ਹੰਢਾ ਸੋਹਣਿਆ

ਦੁੱਖ ਸਾਰੇ ਜ਼ਿੰਦਗੀ ਦੇ ਸਾਡੀ ਝੋਲ਼ੀ ਪਾ ਦੇ ਤੂੰ
ਖੇਡ ਫੁੱਲਾਂ ਸੰਗ ਸਾਨੂੰ ਥੋਰਾਂ ਦੀ ਦੁਆ ਦੇ ਤੂੰ
ਬਸ ਏਨਾ ਕੁ ਤੂੰ ਪੁੰਨ ਕਮਾ ਸੋਹਣਿਆ
ਵੇ ਤੂੰ ਸਾਡੀ ਵੀ...

ਅੱਖਾਂ ਤੇਰੀਆਂ 'ਚੋਂ ਦਿਸੇ ਸਾਰਾ ਸੰਸਾਰ ਵੇ
ਮੈਂ ਹੋਵਾਂ ਤੇਰੇ ਸੰਗ ਜਿਵੇਂ ਫੁੱਲਾਂ ਨਾ ਬਹਾਰ ਵੇ
ਲਿਆ ਤੈਨੂੰ ਅਸੀਂ ਦਿਲ 'ਚ ਵਸਾ ਸੋਹਣਿਆ
ਵੇ ਤੂੰ ਸਾਡੀ ਵੀ...

ਦਿਨ ਤੇਰੇ ਨਾਲ ਸਾਡੀ ਤੇਰੇ ਨਾਲ ਰਾਤ ਵੇ
ਜੱਗ ਤੋਂ ਕੀ ਲੈਣਾ ਸਾਡੀ ਤੇਰੇ ਨਾਲ ਬਾਤ ਵੇ
ਸਾਡੇ ਲਈ ਤੂੰ ਹੋ ਗਿਐਂ ਖ਼ੁਦਾ ਸੋਹਣਿਆ
ਵੇ ਤੂੰ ਸਾਡੀ ਵੀ...

ਆਉਂਦਾ ਸੁਤੇ-ਸਿੱਧ ਤੇਰਾ ਬੁੱਲ੍ਹਾਂ ਉੱਤੇ ਨਾਂ ਵੇ
ਘਰ ਦੇ ਬਨੇਰੇ ਜਦੋਂ ਬੋਲਦਾ ਹੈ ਕਾਂ ਵੇ
'ਸੋਹੀ' ਰੂਹ ਤਾਈਂ ਦਿੰਦਾ ਹੈ ਰਜਾ ਸੋਹਣਿਆ
ਵੇ ਤੂੰ ਸਾਡੀ ਵੀ...

❖

ਇਸ਼ਕ

ਕੀਤੇ ਇਸ਼ਕ ਦਾ ਮੁੱਲ ਚੁਕਾਉਣਾ ਪਊ
ਬਿਰਹੋਂ ਨੂੰ ਗਲ਼ ਨਾਲ ਲਾਉਣਾ ਪਊ
ਗੱਲ-ਗੱਲ 'ਤੇ ਮਨ ਸਮਝਾਉਣਾ ਪਊ
ਕੋਈ ਵਾਹ ਨਾ ਤੇਰੀ ਜਾਣੀ
ਨਾ ਉਲ਼ਝੀਂ ਜਿੰਦੜੀਏ ਨੀ
ਤੂੰ ਏਸ ਇਸ਼ਕ ਦੀ ਤਾਣੀ

ਪਹਿਲਾਂ ਲੱਗਦੈ ਮਿੱਠਾ ਖੰਡ ਜਿਹਾ
ਫਿਰ ਬਿਨਾ ਕਸੂਰੋਂ ਦੰਡ ਜਿਹਾ
ਉਸ ਤੂੜੀ ਦੀ ਪੰਡ ਜਿਹਾ
ਖੁੱਲ੍ਹ ਜੇ ਵਿਚ ਜੋ ਪਾਣੀ
ਨਾ ਉਲ਼ਝੀਂ ਜਿੰਦੜੀਏ ...

ਮਹੀਵਾਲ ਨੇ ਮੁੱਲ ਚੁਕਾਇਆ ਸੀ
ਸੱਸੀ ਨੇ ਪੁੰਨੂੰ ਗਵਾਇਆ ਸੀ
ਜੱਟ ਮਿਰਜ਼ਾ ਮਾਰ ਮੁਕਾਇਆ ਸੀ
ਫਿਰ ਆ ਚੰਦੜਾਂ ਦੀ ਢਾਣੀ
ਨਾ ਉਲ਼ਝੀਂ ਜਿੰਦੜੀਏ ...

ਤੂੰ ਸਬਕ ਬੀਤੇ ਤੋਂ ਸਿੱਖ ਥੋੜ੍ਹਾ
ਨਾ ਦਿਲ ਨੂੰ ਐਵੇਂ ਬਣਾ ਫੋੜਾ
ਇਹ ਦੁਨੀਆ ਇਸ਼ਕ ਦੇ ਰਾਹ ਰੋੜਾ
ਗੱਲ ਮੇਰੀ ਝੂਠ ਨਾ ਜਾਣੀ
ਨਾ ਉਲ਼ਝੀਂ ਜਿੰਦੜੀਏ...

❖

ਖ਼ੌਫ਼

ਦਿਲ ਵਿਚ ਰੱਖ ਕੇ ਖ਼ੌਫ਼ ਇਸ਼ਕ ਕਰ ਹੋਣਾ ਨ੍ਹੀਂ
ਇੰਝ ਸੱਜਣਾ ਡਰ-ਡਰ ਕੇ ਝਨਾਂ ਤਰ ਹੋਣਾ ਨ੍ਹੀਂ

ਇਸ ਦੀ ਪੀੜ ਅਨੋਖੀ ਤੇ ਦਰਦ ਅਵੱਲੇ ਨੇ
ਲੱਖ ਸਿਆਣਪਾਂ ਵਾਲ਼ੇ ਵੀ ਹੋ ਗਏ ਝੱਲੇ ਨੇ
ਇਹ ਕੰਡਿਆਂ ਦੀ ਸੇਜ ਪੈਰ ਧਰ ਹੋਣਾ ਨ੍ਹੀਂ
ਦਿਲ ਵਿਚ...

ਹਾਰਨ ਵਾਲ਼ੇ ਜਿੱਤਦੇ ਇਹ ਖੇਡ ਨਿਆਰੀ ਏ
ਜਾਨ ਤਲੀ ਧਰ ਪੁੱਛਦੇ ਕਦੋਂ ਮੇਰੀ ਵਾਰੀ ਏ
ਤੈਨੂੰ ਜਾਨ ਪਿਆਰੀ ਤੈਥੋਂ ਮਰ ਹੋਣਾ ਨ੍ਹੀਂ
ਦਿਲ ਵਿਚ...

ਲਿਸ਼ਕਦੀਆਂ ਪੌਸ਼ਾਕਾਂ ਮਨਾਂ ਦੇ ਕਾਲ਼ੇ ਨੇ
ਸਾਊ ਦਿਸਦੇ ਚਿਹਰੇ ਜ਼ਾਲਿਮ ਬਾਹਲ਼ੇ ਨੇ
ਸਖ਼ਤ ਸਲੂਕਾਂ ਤਾਈਂ ਫੇਰ ਜਰ ਹੋਣਾ ਨ੍ਹੀਂ
ਦਿਲ ਵਿਚ...

ਪੈਰ-ਪੈਰ 'ਤੇ ਪਰਖਾਂ ਤੇਰੀਆਂ ਹੋਣਗੀਆਂ
ਅੱਖੀਆਂ ਥਾਣੀਂ ਤਿੜਕੀਆਂ ਰੀਝਾਂ ਚੋਣਗੀਆਂ
ਖ਼ਾਲੀ ਰੂਹ ਦਾ ਕਾਸਾ 'ਸੋਹੀ' ਭਰ ਹੋਣਾ ਨ੍ਹੀਂ
ਦਿਲ ਵਿਚ...

❖

ਝਾਂਜਰ

ਨਾ ਝਾਂਜਰ ਨੂੰ ਛਣਕਾ ਐਨਾ
ਨਾ ਭੜਥੂ ਅੜੀਏ ਪਾ ਐਨਾ
ਨਾ ਰਾਂਝਣ ਨੂੰ ਤਰਸਾ ਐਨਾ
ਤੈਨੂੰ ਹੀਰ ਬਣਾ ਕੇ ਲੈ ਜੂ
ਜਿਹੜੇ ਇਸ਼ਕ ਤੋਂ ਡਰਦੀ ਫਿਰਦੀ ਐਂ
ਬਣ ਰੋਗ ਹੱਡਾਂ ਵਿਚ ਬਹਿ ਜੂ

ਨਾ ਕਰ ਤੂੰ ਬਹੁਤੀ ਦੇਰ ਕੁੜੇ
ਚੁਗ ਲੈ ਨੀ ਡੁੱਲ੍ਹੇ ਬੇਰ ਕੁੜੇ
ਇਹ ਵਕਤ ਨ੍ਹੀਂ ਆਉਣਾ ਫੇਰ ਕੁੜੇ
ਸੰਗ ਲਹਿੰਦੀ-ਲਹਿੰਦੀ ਲਹਿ ਜੂ
ਜਿਹੜੇ ਇਸ਼ਕ ਤੋਂ ਡਰਦੀ ਫਿਰਦੀ ਐਂ
ਬਣ ਰੋਗ...

ਹਾਲੇ ਉਮਰ ਹੈ ਤੇਰੀ ਨਿਆਣੀ ਨ੍ਹੀਂ
ਅੱਥਰੇ ਦਰਿਆ ਦਾ ਪਾਣੀ ਨ੍ਹੀਂ
ਜੇ ਬਣਗੀ ਕੋਈ ਕਹਾਣੀ ਨ੍ਹੀਂ
ਪਿੰਡ ਵਿਚ ਤਰਥੱਲੀ ਪੈ ਜੂ
ਜਿਹੜੇ ਇਸ਼ਕ ਤੋਂ ਡਰਦੀ ਫਿਰਦੀ ਐਂ
ਬਣ ਰੋਗ...

ਤੂੰ ਚਾਹੇ ਸਾਨੂੰ ਨਾ ਦੱਸ ਅੜੀਏ
ਚਾਹੇ ਲੱਖ ਲੁਕੋ ਕੇ ਰੱਖ ਅੜੀਏ
ਜਦੋਂ ਹੋ ਗਿਆ ਕਿਤੇ ਤੇਰਾ ਪੱਕ ਅੜੀਏ
ਤੇਰੀ ਅੱਖ ਕਹਾਣੀ ਕਹਿ ਜੂ
ਜਿਹੜੇ ਇਸ਼ਕ ਤੋਂ ਡਰਦੀ ਫਿਰਦੀ ਐਂ
ਬਣ ਰੋਗ...

❖

ਅੱਖੀਂ ਵੇਖ ਕੇ

ਅੱਖੀਂ ਵੇਖ ਕੇ ਮੱਖੀ ਨ੍ਹੀਂ ਖਾਈ ਜਾਂਦੀ
ਤੇ ਮਾੜੇ ਦਾ ਨ੍ਹੀਂ ਖ਼ੂਨ ਖੌਲਦਾ
ਉਹਨੂੰ ਪੈਣ ਲੋਕੋ ਰੱਬ ਦੀਆਂ ਮਾਰਾਂ
ਜੋ ਚੰਗੇ ਨੂੰ ਮਾੜੀ ਬੋਲੀ ਬੋਲਦਾ

ਕਹਿੰਦੇ ਕੰਜਰਾਂ ਦੇ ਹੁੰਦੇ ਨ੍ਹੀਂ ਵਿਆਹ
ਤੇ ਸਿਆਣਿਆਂ ਦੀ ਮੰਗ ਛੁੱਟੇ ਨਾ
ਉਹਦੇ ਵਰਗਾ ਨ੍ਹੀਂ ਕਿਸਮਤ ਵਾਲ਼ਾ
ਬਈ ਜਿਹਦਾ ਕਦੇ ਪਿਆਰ ਰੁੱਸੇ ਨਾ
ਵਿਚ ਜੰਗ ਦੇ ਮੈਦਾਨ ਮੇਰੇ ਬੇਲੀਓ
ਸੂਰਮਾ ਕਦੇ ਨਾ ਡੋਲਦਾ
ਅੱਖੀਂ ਵੇਖ ਕੇ...

ਸੱਪ ਲੰਘੇ ਤੋਂ ਕਦੇ ਵੀ ਮੇਰੇ ਮਿੱਤਰੋ
ਲਕੀਰ ਦੇ ਨ੍ਹੀਂ ਡਾਂਗ ਮਾਰੀਦੀ
ਸਹੁਰੀਂ ਜਾ ਕੇ ਕਦੇ ਵੀ ਜੀਣ ਜੋਗਿਓ
ਨਹੀਂ ਫੋਕੀ ਸਰਦਾਰੀ ਝਾੜੀ ਦੀ
ਉਹਨੂੰ ਪੂਜਦਾ ਜਹਾਨ ਰੱਬ ਮੰਨ ਕੇ
ਜੋ ਲੋਕਾਂ ਨੂੰ ਮਾੜੇ ਕੰਮੋਂ ਹੋੜਦਾ
ਅੱਖੀਂ ਵੇਖ ਕੇ...

ਆਉਂਦਾ ਔਲ੍ਹੇ ਦਾ ਸੁਆਦ ਖਾਣ ਪਿੱਛੋਂ
ਸਿਆਣਿਆਂ ਦੀ ਮੱਤ ਵਰਗਾ
ਹੋਵੇ ਇੱਕੋ ਇਕ ਲਾਇਕ ਪੁੱਤ ਮਾਪਿਆਂ ਦਾ
ਹੁੰਦਾ ਲੋਕੋ ਸੱਤ ਵਰਗਾ
ਯਾਰੀ ਦੋਸਤੀ ਦੀ ਉਹੀ ਲੱਜ ਪਾਲ਼ਦਾ
ਜੋ ਯਾਰ ਦਾ ਨ੍ਹੀਂ ਭੇਤ ਖੋਲ੍ਹਦਾ
ਅੱਖੀਂ ਵੇਖ ਕੇ...

ਛਾਂ ਸੰਘਣੀ ਨ੍ਹੀਂ ਮਾਂ-ਬਾਪ ਵਰਗੀ
ਜੱਟ ਜਿਹੀ ਯਾਰੀ ਹੁੰਦੀ ਨਾ
ਕਦੇ ਘਰੇ ਨ੍ਹੀਂ ਕੁੱਤਾ ਸੀ ਲੋਕਾਂ ਵਾੜਨਾ
ਜੇ ਉਹਦੇ 'ਚ ਵਫ਼ਾਦਾਰੀ ਹੁੰਦੀ ਨਾ
'ਪ੍ਰਭਜੋਤ' ਨਾ ਸਲਾਹੁਤ ਹੋਵੇ ਜੱਗ 'ਤੇ
ਜੋ ਚਿੱਟੀ ਪੱਗ ਪੈਰੀਂ ਰੋਲ਼ਦਾ
ਅੱਖੀਂ ਵੇਖ ਕੇ...

❖

ਦਾਰੂ

ਮੇਰੀ ਜ਼ਿੰਦਗੀ ਤਾਂ ਕਰਤੀ ਤਬਾਹ
ਹਾਏ ਵੇ ਤੇਰੀ ਦਾਰੂ ਨੇ
ਹੁਣ ਮੇਰੇ ਪੱਲੇ ਕੱਖ ਨਾ ਰਿਹਾ
ਹਾਏ ਵੇ ਤੇਰੀ ਦਾਰੂ ਨੇ

ਪਹਿਲਾਂ ਤਾਂ ਚੰਨਾ ਵੇ ਮੌਕਾ ਦੇਖ ਕੇ ਤੂੰ ਪੀਂਦਾ ਸੀ
ਅੱਖਾਂ ਮੇਰੀਆਂ ਨੂੰ ਬਸ ਤੱਕ-ਤੱਕ ਜੀਂਦਾ ਸੀ
ਹੁਣ ਲੱਗ ਪਿਐਂ ਪੀਣ ਬੇ-ਵਜ੍ਹਾ
ਮੇਰੀ ਜ਼ਿੰਦਗੀ...

ਮੇਰੇ ਤੋਂ ਚੰਗੇਰੀ ਢੋਲਾ ਲੱਗੇ ਤੈਨੂੰ ਦਾਰੂ ਵੇ
ਚੰਦਰੀ ਇਹ ਦਾਰੂ ਤੇਰਾ ਕਿੰਨਾ ਚਿਰ ਸਾਰੂ ਵੇ
ਕਰਾਂ ਮਿੰਨਤਾਂ ਮੈਂ ਇਹਨੂੰ ਛੱਡ ਜਾਹ
ਮੇਰੀ ਜ਼ਿੰਦਗੀ...

ਇੱਕੋ ਇਕ ਗਿਲਾ ਮੇਰਾ ਹੋਰ ਨਾ ਕੋਈ ਦੋਸ਼ ਵੇ
ਚੌਵੀ ਘੰਟੇ ਦਾਰੂ ਨਾ' ਤੂੰ ਰਹੇਂ ਮਦਹੋਸ਼ ਵੇ
ਤੈਨੂੰ ਘਰ ਦੀ ਨਾ ਕੋਈ ਪਰਵਾਹ
ਮੇਰੀ ਜ਼ਿੰਦਗੀ...

ਸੋਹੀਆਂ ਵਾਲ਼ਿਆ ਜੇ ਰਿਹਾ ਏਹੋ ਤੇਰਾ ਹਾਲ ਵੇ
ਜਲਦੀ ਹੀ ਜੱਟਾ ਫਿਰ ਹੋ ਜੇਂ ਗਾ ਕੰਗਾਲ ਵੇ
'ਸੋਹੀ' ਰਹੀ ਵੇ ਮੈਂ ਤੈਨੂੰ ਸਮਝਾ
ਮੇਰੀ ਜ਼ਿੰਦਗੀ...

❖

ਖ਼ੰਜਰ

ਦਿਲ ਮੇਰਾ ਖ਼ੰਜਰ ਤੇਰਾ ਵੇ
ਸਾਡਾ ਵਾਂਗ ਪਰਬਤਾਂ ਜੇਰਾ ਵੇ
ਤੂੰ ਧਾਰ ਖ਼ੰਜਰ ਦੀ ਅਜ਼ਮਾ ਲਈਂ
ਅਸੀਂ ਵੀ ਸਿਦਕ ਅਜ਼ਮਾਵਾਂਗੇ
ਤੂੰ ਗ਼ੈਰਾਂ ਦਾ ਹੋ ਕੇ ਵੇਖ ਲਈਂ
ਬਣ ਤੇਰੇ ਅਸੀਂ ਵਿਖਾਵਾਂਗੇ

ਸਾਡੀ ਨਸ-ਨਸ ਦੇ ਵਿਚ ਵਸਦਾ ਤੂੰ
ਸਾਡੇ ਹਾਸਿਆਂ ਦੇ ਵਿਚ ਹੱਸਦਾ ਤੂੰ
ਪਰ ਦਿਲ ਦਾ ਭੇਤ ਨਾ ਦੱਸਦਾ ਤੂੰ
ਤੇਰੇ ਦਿਲ ਵਿਚ ਪ੍ਰੀਤ ਜਗਾਵਾਂਗੇ
ਤੂੰ ਗ਼ੈਰਾਂ ਦਾ...

ਰਹਿ ਅੰਗ-ਸੰਗ ਵਾਂਗ ਤੂੰ ਸਾਹਵਾਂ ਦੇ
ਤੈਨੂੰ ਮੰਗੀਏ ਵਾਂਗ ਦੁਆਵਾਂ ਦੇ
ਅਸੀਂ ਰਾਹੀ ਤੇਰੀਆਂ ਰਾਹਵਾਂ ਦੇ
ਸਾਰੀ ਜ਼ਿੰਦਗੀ ਸਾਥ ਨਿਭਾਵਾਂਗੇ
ਤੂੰ ਗ਼ੈਰਾਂ ਦਾ...

ਤੂੰ ਸਿਤਮ ਕਰੇਂ ਅਸੀਂ ਪਿਆਰ ਚੰਨਾ
ਤੈਨੂੰ ਪਿਆਰ 'ਤੇ ਨਾ ਇਤਬਾਰ ਚੰਨਾ
ਸਾਡੇ ਲਈ ਤੂੰ ਪਰਵਿਦਗਾਰ ਚੰਨਾ
ਅਸੀਂ ਇਸ਼ਕ 'ਚੋਂ ਰੱਬ ਨੂੰ ਪਾਵਾਂਗੇ
ਤੂੰ ਗ਼ੈਰਾਂ ਦਾ...

'ਸੋਹੀ' ਤੂੰ ਰਹਿਨੈ ਹੋਰਾਂ ਨਾਲ
ਕਿਉਂ ਦਿਲ ਪਰਚਾਉਨੈ ਥੋਹਰਾਂ ਨਾਲ
ਕਦੇ ਨੇਹੁੰ ਨਾ ਲੱਗਦੇ ਜ਼ੋਰਾਂ ਨਾਲ
ਹੌਲ਼ੀ-ਹੌਲ਼ੀ ਸਮਝਾਵਾਂਗੇ
ਤੂੰ ਗ਼ੈਰਾਂ ਦਾ ਹੋ ਕੇ ਵੇਖ ਲਈਂ
ਬਣ ਤੇਰੇ ...

❖

ਹੰਝੂਆਂ ਦੀ ਬਾਤ

ਮੇਰੇ ਹੌਕਿਆਂ ਦੀ ਗੱਲ ਮੇਰੇ ਹੰਝੂਆਂ ਦੀ ਬਾਤ
ਨਹੀਓਂ ਮੁੱਕਣੀ ਨੀ ਮਾਏ ਸਾਰੀ ਮੁੱਕ ਜਾਣੀ ਰਾਤ

ਮੇਰੇ ਜੰਮਣ 'ਤੇ ਕਿਸੇ ਨੇ ਨਾ ਖ਼ੁਸ਼ੀਆਂ ਮਨਾਈਆਂ
ਨਾਹੀਂ ਵੰਡੀ ਕਿਸੇ ਲੋਹੜੀ ਨਾਹੀਂ ਦਿੱਤੀਆਂ ਵਧਾਈਆਂ
ਤੂੰ ਵੀ ਕਦੇ ਨਾ ਕਿਹਾ ਨੀ ਮੈਨੂੰ ਪਿਆਰ ਨਾਲ ਝਾਤ
ਮੇਰੇ ਹੌਕਿਆਂ ਦੀ...

ਕਦੀ ਵੀਰੇ ਵਾਂਗੂੰ ਮੈਨੂੰ ਤੁਸੀਂ ਲਾਡ ਨਾ ਲਡਾਇਆ
ਉਹ ਤਾਂ ਮਿੱਠੜਾ ਸੀ ਮੇਵਾ ਮੈਂ ਤਾਂ ਧਨ ਸੀ ਪਰਾਇਆ
ਮੈਂ ਤਾਂ ਰਹੀ ਅਣਗੌਲੀ ਅਣਚਾਹੀ ਜਿਉਂ ਸੌਗਾਤ
ਮੇਰੇ ਹੌਕਿਆਂ ਦੀ...

ਮੈਥੋਂ ਬਿਨਾ ਪੁੱਛੇ ਮੈਨੂੰ ਕਿਸੇ ਹੋਰ ਲੜ ਲਾਤਾ
ਮੈਂ ਤਾਂ ਭਰਦੀ ਰਹੀ ਹੌਕੇ ਤੁਸੀਂ ਫ਼ਰਜ਼ ਨਿਭਾਤਾ
ਨਾ ਕੋਈ ਰੂਹਾਂ ਦੀ ਸਾਂਝ ਬਸ ਜਿਸਮਾਂ ਦਾ ਸਾਥ
ਮੇਰੇ ਹੌਕਿਆਂ ਦੀ...

ਸੱਸ ਪੁੱਛਦੀ ਕੀ ਪੇਕਿਓਂ ਲਿਆਈ ਘਰ ਮੇਰੇ
ਮੇਰੇ ਸਿਰ ਦਾ ਜੋ ਸਾਈਂ ਮਿਹਣੇ ਮਾਰਦਾ ਬਥੇਰੇ
ਕਹਿੰਦਾ ਪੈਰ ਵਾਲ਼ੀ ਜੁੱਤੀ ਕਦੇ ਕਹੇ ਕਮਜ਼ਾਤ
ਮੇਰੇ ਹੌਕਿਆਂ ਦੀ...

ਜੇ ਮੈਂ ਔਰਤ ਦੀ ਜੂਨ ਦੱਸੋ ਮੇਰਾ ਕੀ ਕਸੂਰ
ਕਿੱਥੋਂ ਮਿਲੂ ਪਿਆਰ ਮੈਨੂੰ ਇਹ ਵੀ ਦੱਸਣਾ ਜ਼ਰੂਰ
'ਸੋਹੀ' ਖ਼ੁਸ਼ੀਆਂ ਨਾਲ ਹੋਊ ਕਦੋਂ ਪਹਿਲੀ ਮੁਲਾਕਾਤ
ਮੇਰੇ ਹੌਕਿਆਂ ਦੀ...

❖

ਪੈੜਾਂ

ਤੁਰ ਗਿਆਂ ਦੀਆਂ ਪੈੜਾਂ ਦਿਲਾ ਕਿਉਂ ਫਰੋਲਦੈਂ
ਐਵੇਂ ਮਿੱਟੀ ਦਿਆਂ ਤਾਰਿਆਂ 'ਚੋਂ ਲੋਅ ਟੋਲਦੈਂ

ਤੇਰਾ ਰਤਾ ਜਿੰਨਾ ਹੁੰਦਾ ਜੇ ਖ਼ਿਆਲ ਉਨ੍ਹਾਂ ਨੂੰ
ਫੇਰ ਗ਼ੈਰਾਂ ਵੱਲ ਕਦੇ ਉਹ ਕਰਦੇ ਨਾ ਮੂੰਹ
ਬੇਕਦਰਾਂ ਦੇ ਪੈਰੀਂ ਕਿਉਂ ਕਦਰ ਰੋਲ਼ਦੈਂ
ਤੁਰ ਗਿਆਂ ਦੀਆਂ...

ਕਹਿੰਦੇ ਸਿਖ਼ਰ ਦੁਪਹਿਰੇ ਸਾਇਆ ਸਾਥ ਛੱਡ ਜੇ
ਢਿੱਡੋਂ ਜੰਮਿਆ ਵੀ ਪੈਸੇ ਪਿੱਛੇ ਸਿਰ ਵੱਢ ਜੇ
ਸੱਚ ਸੁਣਨਾ ਕਿਸੇ ਨ੍ਹੀਂ ਕਾਹਨੂੰ ਮੂੰਹ ਖੋਲ੍ਹਦੈਂ
ਤੁਰ ਗਿਆਂ ਦੀਆਂ...

ਤੇਰੇ ਕੋਲ਼ ’ਕੱਲਾ ਦਿਲ ਉਹਦੇ ਸੁਪਨੇ ਹਜ਼ਾਰ
ਤੇਰੀ ਤਲੀ ਉੱਤੇ ਜਾਨ ਉਹਨੂੰ ਦੌਲਤਾਂ ਨਾ’ ਪਿਆਰ
ਕਿਉਂ ਮੁਹੱਬਤਾਂ ਨੂੰ ਮੋਹਰਾਂ ਉੱਤੇ ਪਿਆ ਡੋਲ੍ਹਦੈਂ
ਤੁਰ ਗਿਆਂ ਦੀਆਂ...

ਇਕ ਸੁਪਨੇ ਦੀ ਮੌਤ ਤੈਥੋਂ ਜਰ ਨਹੀਓਂ ਹੋਣੀ
ਇਕ ਤਰਫ਼ਾ ਪ੍ਰੀਤ ‘ਸੋਹੀ’ ਕਰ ਨਹੀਓਂ ਹੋਣੀ
ਹੱਥੀਂ ਜ਼ਿੰਦਗੀ ’ਚ ਗ਼ਮਾਂ ਦਾ ਜ਼ਹਿਰ ਘੋਲ਼ਦੈਂ
ਤੁਰ ਗਿਆਂ ਦੀਆਂ...

❖

ਪੁਕਾਰ

ਨੀ ਕੁੱਖ ’ਚ ਨਾ ਮਾਰ ਅੰਮੀਏ
ਵੱਡੀ ਹੋ ਕੇ ਤੇਰਾ ਬਣੂਗੀ ਸਹਾਰਾ
ਤੂੰ ਕੁੱਝ ਤਾਂ ਵਿਚਾਰ ਅੰਮੀਏ
ਇੰਝ ਪਾ ਨਾ ਤੂੰ ਮੈਥੋਂ ਛੁਟਕਾਰਾ

ਚਾਹਵੇਂ ਪੁੱਤਰਾਂ ਨੂੰ ਗੋਦ ’ਚ ਖਿਡਾਉਣਾ ਤੂੰ
ਤਾਹੀਓਂ ਮਿਥ ਲਿਆ ਮੈਨੂੰ ਮਰਵਾਉਣਾ ਤੂੰ
ਮਾਂ ਤੂੰ ਮੈਨੂੰ ਮਰਵਾ ਕੇ ਕੁੱਖ ਕਬਰ ਬਣਾ ਕੇ
ਕਿੱਥੇ ਭਰੇਂਗੀ ਪਾਪ ਐਡਾ ਭਾਰਾ
ਨੀ ਕੁੱਖ ’ਚ...

ਮੈਨੂੰ ਜੰਮਣ ਤੋਂ ਪਹਿਲਾਂ ਜੇ ਤੂੰ ਮਾਰਤਾ
ਇਹ ਰੱਬ ਜੇਡਾ ਕਹਿਰ ਜੇ ਗੁਜ਼ਾਰਤਾ
ਤੈਨੂੰ ਪਊ ਪਛਤਾਉਣਾ ਮੌਕਾ ਹੱਥ ਨਹੀਓਂ ਆਉਣਾ
ਸਮਾਂ ਲੰਘਿਆ ਤਾਂ ਆਉਂਦਾ ਨ੍ਹੀਂ ਦੁਬਾਰਾ
ਨੀ ਕੁੱਖ ’ਚ...

ਮੈਨੂੰ ਵੇਖਣ ਦੇ ਜੱਗ ਐਵੇਂ ਰੋਕ ਨਾ
ਨਾ ਤੂੰ ਬਣ ਲਾਈਲੱਗ ਇਹ ਚੰਗੇ ਲੋਕ ਨਾ
ਜੇ ਕੋਈ ਜੰਮਦੀ ਨਾ ਧੀ ਸੋਚ ਹੁੰਦਾ ਫਿਰ ਕੀ
ਹੁੰਦਾ ਕਿੰਝ ਇਹ ਜਗਤ ਪਸਾਰਾ
ਨੀ ਕੁੱਖ 'ਚ...

ਹੁਣ ਉਹ ਪਹਿਲਾਂ ਵਾਲ਼ੀ ਗੱਲ ਉਹ ਸਮਾਂ ਨਾ
ਮੁੰਡੇ ਕੁੜੀ 'ਚ ਫ਼ਰਕ ਕੋਈ ਜਮਾਂ ਨਾ
ਧੀਆਂ ਪੁੱਤਰਾਂ ਤੋਂ ਵੱਧ ਮੱਲਾਂ ਮਾਰਦੀਆਂ ਅੱਜ
'ਸੋਹੀ' ਕਰਦਾ ਤਾਰੀਫ਼ ਜੱਗ ਸਾਰਾ
ਨੀ ਕੁੱਖ 'ਚ....

❖

ਐਵੇਂ ਮੱਥੇ ਵੱਟ ਪਾ ਕੇ

ਐਵੇਂ ਮੱਥੇ ਵੱਟ ਪਾ ਕੇ ਫੋਕਾ ਰੋਅਬ ਜਿਹਾ ਜਮਾ ਕੇ
ਸਾਨੂੰ ਚੱਕਰਾਂ 'ਚ ਪਾ ਕੇ ਵੇ ਸਤਾਉਣਾ ਛੱਡ ਦੇ
ਸਾਡੇ ਸਾਹਮਣੇ ਤੂੰ ਹੋਰਾਂ ਨੂੰ ਬੁਲਾਉਣਾ ਛੱਡ ਦੇ

ਸਾਡੀ ਤੇਰੇ ਉੱਤੋਂ ਜਿੰਦ ਕੁਰਬਾਨ ਚੰਨ ਵੇ
ਕਰ ਸਾਡੇ ਉੱਤੇ ਇਕ ਅਹਿਸਾਨ ਚੰਨ ਵੇ
ਗੱਲ-ਗੱਲ ਉੱਤੇ ਸਾਨੂੰ ਪਰਤਿਆਉਣਾ ਛੱਡ ਦੇ
ਸਾਡੇ ਸਾਹਮਣੇ ਤੂੰ...

ਤੈਨੂੰ ਸਾਡੇ ਨਾਲੋਂ ਚੰਗੇ ਲੱਗਦੇ ਕਿਉਂ ਗ਼ੈਰ ਵੇ
ਕਿਹੜੇ ਜਨਮਾਂ ਦਾ ਕੱਢੇਂ ਤੂੰ ਸਾਡੇ ਨਾਲ ਵੈਰ ਵੇ
ਰੱਬ ਵਾਸਤੇ ਵੇ ਵੈਰ ਤੂੰ ਪੁਗਾਉਣਾ ਛੱਡ ਦੇ
ਸਾਡੇ ਸਾਹਮਣੇ ਤੂੰ...

ਤੇਰੀ ਦੀਦ ਨੂੰ ਤਰਸਦੇ ਨੇ ਸਾਡੇ ਨੈਣ ਵੇ
ਕਦੇ ਗਹੁ ਨਾਲ ਤੱਕ ਇਹ ਕੀ ਕਹਿਣ ਵੇ
ਵੇ ਤੂੰ ਘਰੋਂ ਬਾਹਰ ਚਿੱਤ ਪਰਚਾਉਣਾ ਛੱਡ ਦੇ
ਸਾਡੇ ਸਾਹਮਣੇ ਤੂੰ...

ਸੋਹੀਆਂ ਵਾਲ਼ਿਆ ਤੂੰ ਲੈ-ਲੈ ਸਾਡੀ ਜਿੰਦ ਵੇ
ਕੱਢ ਤਲੀ 'ਤੇ ਟਿਕਾ ਦੂੰ ਮੈਂ ਲਾਉਂ ਨਾ ਬਿੰਦ ਵੇ
'ਸੋਹੀ' ਅੱਲੜ ਦਾ ਦਿਲ ਤੂੰ ਦੁਖਾਉਣਾ ਛੱਡ ਦੇ
ਸਾਡੇ ਸਾਹਮਣੇ ਤੂੰ...

❖

ਹਾਂ ਉਦਾਸ ਕਿਉਂ

ਕੀ ਦੱਸਾਂ ਹੁਣ ਦੋਸਤੋ ਮੈਂ ਹਾਂ ਉਦਾਸ ਕਿਉਂ
ਨੈਣਾਂ 'ਚ ਮੇਰੇ ਨੀਰ ਕਿਉਂ ਬੁੱਲ੍ਹਾਂ 'ਤੇ ਪਿਆਸ ਕਿਉਂ

ਸ਼ੋਖ਼ ਰੰਗ, ਤਿਤਲੀ ਦਾ ਖੰਭ, ਭੌਂਰੇ ਦੀ ਜੁਸਤਜੂ
ਇਕ ਵੀ ਅਦਾ ਭਾਈ ਨਾ ਕਿਉਂ ਆਈ ਨਾ ਰਾਸ ਕਿਉਂ
ਕੀ ਦੱਸਾਂ ਹੁਣ...

ਖ਼ਾਲੀ ਤਲੀ, ਸੁੰਨੀ ਗਲ਼ੀ, ਬੋਟਾਂ ਦਾ ਤੜਪਣਾ
ਤੇਰੇ ਲਈ ਜੇ ਆਮ ਹੈ ਮੇਰੇ ਲਈ ਖ਼ਾਸ ਕਿਉਂ
ਕੀ ਦੱਸਾਂ ਹੁਣ...

ਦੁੱਖਾਂ ਦਾ ਘਰ, ਪੀੜਾਂ ਦਾ ਦਰ ਬਣ ਗਈ ਹੈ ਜ਼ਿੰਦਗੀ
ਕਿਉਂ ਰੋਜ਼ ਨੱਕ ਮੈਂ ਰਗੜਦਾਂ ਮੰਗਦਾਂ ਹਾਂ ਸਵਾਸ ਕਿਉਂ
ਕੀ ਦੱਸਾਂ ਹੁਣ...

ਤੋੜੀ ਹੋਣੀ ਵੰਗ ਕੋਈ ਰੀਝ ਜਾਂ ਸੁਪਨਾ ਕੋਈ
ਉਹ ਸ਼ਖ਼ਸ ਖ਼ੁਦ ਨੂੰ ਵਾਰ-ਵਾਰ ਕਹਿੰਦਾ ਹੈ ਦਾਸ ਕਿਉਂ
ਕੀ ਦੱਸਾਂ ਹੁਣ...

ਮਿਟ ਗਈ ਹੁਣ ਪੈੜ ਵੀ, ਹੋ ਗਿਐ ਉਹ ਗ਼ੈਰ ਵੀ
ਫਿਰ ਵੀ ਮੈਂ ਉਸ ਦੇ ਮੁੜਨ ਦੀ ਰੱਖਦਾਂ ਹਾਂ ਆਸ ਕਿਉਂ
ਕੀ ਦੱਸਾਂ ਹੁਣ...

❖

ਸਾਡਾ ਕੋਈ ਨਾ

ਪਈ ਤੱਕਦੀ ਆਂ ਰਾਹਵਾਂ ਧੋਖਾ ਦੇ ਗਿਉਂ ਵੇ ਕਾਵਾਂ
ਵੇ ਮੈਂ ਕਿੱਧਰ ਨੂੰ ਜਾਵਾਂ ਕਿਤੇ ਮਿਲੇ ਢੋਈ ਨਾ
ਇਕ ਸੋਹਣੇ ਬਾਝੋਂ ਇਕ ਮਾਹੀ ਬਾਝੋਂ
ਦੁਨੀਆ 'ਤੇ ਸਾਡਾ ਕੋਈ ਨਾ

ਬਾਬੇ ਵਾਲ਼ੀ ਬਾਣੀ ਵਾਂਗੂੰ ਨਾਂ ਜਪਾਂ ਮਾਹੀ ਦਾ
ਚੰਨ ਦੇ ਦੀਦਾਰ ਬਿਨਾ ਕੁੱਝ ਨਹੀਓਂ ਚਾਹੀਦਾ
ਨਾ ਕੋਈ ਘੜੀ ਐਸੀ ਲੰਘੀ ਜਦ ਮੈਂ ਰੋਈ ਨਾ
ਇਕ ਸੋਹਣੇ ਬਾਝੋਂ...

'ਕੱਲੀ ਸੂਰਤ ਨ੍ਹੀਂ ਸੋਹਣੀ ਉਹਦੀ ਸੀਰਤ ਵੀ ਮਿੱਠੀ
ਕਿੰਨੇ ਯੁੱਗ ਬੀਤ ਚੱਲੇ ਉਹਦੀ ਆਈ ਨਾ ਕੋਈ ਚਿੱਠੀ
ਢਿੱਡ ਫੋਲਾਂ ਕੀਹਦੇ ਕੋਲ਼ੇ ਸਾਡੀ ਸੁਣੇ ਕੋਈ ਨਾ
ਇਕ ਸੋਹਣੇ ਬਾਝੋਂ...

ਬਣ ਕੇ ਉਡੀਕ ਜਿੰਦ ਖੜ੍ਹੀ ਬੂਹੇ ਉੱਤੇ
ਘਰੋਂ ਤੁਰ ਗਿਆ ਮਾਹੀ ਸਾਡਾ ਫੁੱਲਾਂ ਵਾਲ਼ੀ ਰੁੱਤੇ
ਹਾੜਾ ਏਸ ਰੁੱਤੇ ਘਰੋਂ ਕੋਈ ਜਾਵੇ 'ਸੋਹੀ' ਨਾ
ਇਕ ਸੋਹਣੇ ਬਾਝੋਂ...

❖

ਉਮਰਾਂ ਦੀ ਖੱਟੀ

ਦਿਲ ਵਿਚ ਤੇਰੀ ਯਾਦ
ਬੁੱਲ੍ਹਾਂ ਉੱਤੇ ਤੇਰਾ ਨਾਮ
ਸਾਰੀ ਉਮਰਾਂ ਦੀ ਖੱਟੀ
ਤਾਅਨੇ ਮਿਹਣੇ ਇਲਜ਼ਾਮ

ਤੇਰੀ ਅਦਾ ਕਰੇ ਜਾਦੂ
ਕਿਵੇਂ ਰੱਖੇ ਕੋਈ ਕਾਬੂ
ਤੈਨੂੰ ਸੁਣਾਂ ਚੁੱਪ ਹੋ ਜਾਂ
ਤੂੰ ਕੋਈ ਰੱਬੀ ਇਲਹਾਮ
ਦਿਲ ਵਿਚ...

ਕਦੀ ਬੂੰਦ ਬਣ ਜਾਵੇਂ
ਬਣ ਮੇਘ ਕਦੇ ਆਵੇਂ
ਬੇਚੈਨੀਆਂ ਵਧਾਵੇਂ
ਕਿੱਥੇ ਰੂਹਾਂ ਨੂੰ ਆਰਾਮ
ਦਿਲ ਵਿਚ ਤੇਰੀ ਯਾਦ
ਦਿਲ ਵਿਚ...

ਨਾ ਕੋਈ ਚੜ੍ਹਦੇ ਦਾ ਪਤਾ
ਨਾਹੀਂ ਡੁੱਬਦੇ ਦੀ ਸਾਰ
ਤੇਰੇ ਰੰਗ ਵਿਚ ਰੰਗੀ
ਹਰ ਸੁਬਹ ਹਰ ਸ਼ਾਮ
ਦਿਲ ਵਿਚ ਤੇਰੀ ਯਾਦ
ਦਿਲ ਵਿਚ...

ਸਾਨੂੰ ਜਾਣਦਾ ਸੀ ਕੌਣ
ਤੈਨੂੰ ਮਿਲਣੇ ਤੋਂ ਪਹਿਲਾਂ
ਅਸੀਂ ਹੋਏ ਮਸ਼ਹੂਰ
ਯਾਰਾ ਹੋ ਕੇ ਬਦਨਾਮ
ਦਿਲ ਵਿਚ ਤੇਰੀ ਯਾਦ
ਬੁੱਲ੍ਹਾਂ ਉੱਤੇ...

❖

ਅਸੀਂ ਭੁੱਲ ਗਏ

ਨਾ ਪਹਿਲਾਂ ਵਰਗੇ ਪਿਆਰ ਰਹੇ
ਨਾ ਉਹ ਅਪਣੱਤ ਨਾ ਯਾਰ ਰਹੇ
ਹੁਣ ਹਰ ਥਾਂ ਨ੍ਹੇਰਾ ਮੋਹਰੀ ਐ
ਕੋਈ ਕਦਰ ਨਾ ਚਾਨਣ ਰਿਸ਼ਮਾਂ ਦੀ
ਉੱਥੇ ਕੌਣ ਰੂਹਾਂ ਨੂੰ ਪੁੱਛਦਾ ਏ
ਜਿੱਥੇ ਮੰਡੀ ਲੱਗਦੀ ਜਿਸਮਾਂ ਦੀ

ਕੋਈ ਪੱਟ ਦਾ ਮਾਸ ਖੁਆਵੇ ਕਿਉਂ
ਕੋਈ ਥਲਾਂ 'ਚ ਸੜ ਮਰ ਜਾਵੇ ਕਿਉਂ
ਮੱਥਾ ਨਾਲ ਪਹਾੜਾਂ ਲਾਵੇ ਕਿਉਂ
ਕਹਿੰਦੇ ਅੱਜਕਲ੍ਹ ਐਸੀ ਲੋੜ ਨਹੀਂ
ਹੁਣ ਮਾਸ ਦੀ ਬੋਲੀ ਲੱਗਦੀ ਐ
ਜਿੱਥੇ ਗਿਰਝਾਂ ਦੀ ਥੋੜ੍ਹ ਨਹੀਂ

ਅੰਦਰ ਚੂਹੇ ਬਾਹਰ ਕਾਂ ਪੈਂਦੇ
ਉਂਝ ਭੈਣ ਕਦੇ, ਕਦੇ ਮਾਂ ਕਹਿੰਦੇ
ਕਹਿਣ ਮਨ ਸਾਡੇ ਸਤਿਕਾਰ ਬੜਾ
ਪਰ 'ਗਾਂਹ ਨਾ ਜਾਣ ਸਰੀਰਾਂ ਤੋਂ
ਰ਼ੀਰਾਂ ਦੀ ਗੱਲ ਹੁਣ ਕੀ ਕਰਨੀ
ਡਰ ਲੱਗਦੈ ਸਕਿਆਂ ਵੀਰਾਂ ਤੋਂ

ਅਸੀਂ ਭੁੱਲ ਗਏ ਮਾਂ ਪੰਜਾਬੀ ਨੂੰ
ਉਸ ਸ਼ਾਇਰ ਅਤੇ ਰਬਾਬੀ ਨੂੰ
ਜੋ ਇਕ ਦਾ ਹੋਕਾ ਦਿੰਦਾ ਸੀ
ਸੀ ਦੂਰ ਜੋ ਜ਼ਾਤਾਂ-ਪਾਤਾਂ ਤੋਂ
'ਸੋਹੀ' ਸੋਚ ਬਦਲਣੀ ਪੈਣੀ ਐ
ਜੇ ਬਚਣਾ ਬੁਰੇ ਹਾਲਾਤਾਂ ਤੋਂ
ਨਾ ਪਹਿਲੇ ਵਰਗੇ ਪਿਆਰ ਰਹੇ
ਨਾ ਉਹ ਅਪਣੱਤ ਨਾ ਯਾਰ ਰਹੇ

❖

ਇਨ੍ਹਾਂ ਉਦਾਸੀਆਂ ਦਾ

ਇਨ੍ਹਾਂ ਉਦਾਸੀਆਂ ਦਾ ਹੈ ਕੀ ਇਲਾਜ ਯਾਰੋ
ਮੁਸ਼ਕਿਲ ਹੋਏ ਉਠਾਉਣੇ ਜ਼ਿੰਦਗੀ ਦੇ ਨਾਜ਼ ਯਾਰੋ

ਚਿਹਰੇ ਨਕਾਬਧਾਰੀ ਲਾਉਂਦੇ ਥਲਾਂ 'ਚ ਤਾਰੀ
ਕਤਰੇ ਪਰੀਂ ਉਡਾਰੀ ਡੂੰਘੇ ਨੇ ਰਾਜ਼ ਯਾਰੋ
ਇਨ੍ਹਾਂ ਉਦਾਸੀਆਂ ਦਾ...

ਰੂਹਾਂ 'ਤੇ ਭਾਰ ਕੋਈ ਸਦੀਆਂ ਤੋਂ ਜਾਂਦੇ ਢੋਈ
ਪੀੜਾਂ ਨੂੰ ਗਾਵਣੇ ਦਾ ਕਰਦੇ ਰਿਆਜ਼ ਯਾਰੋ
ਇਨ੍ਹਾਂ ਉਦਾਸੀਆਂ ਦਾ...

ਸੂਲ਼ੀ 'ਤੇ ਲਟਕਣਾ ਹੈ ਕੈਸੀ ਇਹ ਭਟਕਣਾ ਹੈ
ਮੇਰੇ ਹੀ ਤਕ ਨਾ ਪਹੁੰਚੇ ਮੇਰੀ ਆਵਾਜ਼ ਯਾਰੋ
ਇਨ੍ਹਾਂ ਉਦਾਸੀਆਂ ਦਾ...

ਹਾਰੇ ਦੇ ਵਾਂਗ ਧੁਖਦੀ ਦੇਖੀ ਘੜੀ ਨਾ ਸੁੱਖ ਦੀ
ਕਿੱਥੋਂ ਇਹ ਜਿੰਦ ਲਿਆਈ ਦੁੱਖਾਂ ਦਾ ਦਾਜ਼ ਯਾਰੋ
ਇਨ੍ਹਾਂ ਉਦਾਸੀਆਂ ਦਾ...

ਕੀ-ਕੀ ਨਾ ਬੰਦਾ ਕਰਦਾ ਅੰਦਰੋਂ ਖ਼ਲਾਅ ਨਾ ਭਰਦਾ
ਬੇਸੁਰ ਵਜਾਈ ਜਾਂਦਾ ਸਾਹਾਂ ਦਾ ਸਾਜ਼ ਯਾਰੋ
ਇਨ੍ਹਾਂ ਉਦਾਸੀਆਂ ਦਾ...

❖

ਇਕ ਮੁੱਖੜਾ

ਇਕ ਮੁੱਖੜਾ ਮੇਰੇ ਸੁਪਨਿਆਂ ਦੇ ਵਿਚ ਆਉਂਦਾ ਸੀ
ਸੌਂਹ ਰੱਬ ਦੀ ਮੈਨੂੰ ਸਾਰੀ ਰਾਤ ਜਗਾਉਂਦਾ ਸੀ

ਨਾ ਜਾਣਾ ਉਹਦਾ ਸ਼ਹਿਰ ਤੇ ਨਾਂ ਗਰਾਂ ਉਹਦਾ
ਕਿੱਥੇ ਜੰਮੀ ਪਲ਼ੀ ਤੇ ਕੀ ਸੀ ਨਾਂ ਉਹਦਾ
ਇਕ ਝਲਕ 'ਤੇ ਦਿਲ ਮਰਜਾਣਾ ਬੋਲੀਆਂ ਪਾਉਂਦਾ ਸੀ
ਇਕ ਮੁੱਖੜਾ...

ਕੀ ਪਤਾ ਸੀ ਉਹਨੇ ਇਕ ਦਿਨ ਮੇਰੀ ਹੋ ਜਾਣਾ
ਭੁੱਲ ਦੁਨੀਆ ਸਾਰੀ ਯਾਦ ਮੇਰੀ ਵਿਚ ਖੋ ਜਾਣਾ
ਉਹ ਕੁੜੀ ਮੈਂ ਜਿਹਨੂੰ ਜਕਦਾ ਜਿਹਾ ਬੁਲਾਉਂਦਾ ਸੀ
ਇਕ ਮੁੱਖੜਾ...

ਉਹਨੇ ਸੰਗਦੀ ਜਿਹੀ ਨੇ ਹੱਥ ਮੇਰਾ ਜਦ ਫੜ ਲੈਣਾ
ਉਹਦੇ ਨੈਣੀਂ ਲਿਖਿਆ ਪਿਆਰ ਦਾ ਖ਼ਤ ਮੈਂ ਪੜ੍ਹ ਲੈਣਾ
ਮੈਂ ਪਿਆਰ ਦੇ ਹੜ੍ਹ ਵਿਚ ਕਦੋਂ ਦਾ ਹੜ੍ਹਨਾ ਚਾਹੁੰਦਾ ਸੀ
ਇਕ ਮੁੱਖੜਾ...

ਮੇਰੇ ਵਾਲ਼ਾ ਗੋਤ ਹੀ ਉਸ ਦਾ ਗੋਤ ਹੋ ਗਿਆ ਏ
ਸਾਰੇ ਦਾ ਸਾਰਾ ਉਹਦਾ ਬਈ 'ਪ੍ਰਭਜੋਤ' ਹੋ ਗਿਆ ਏ
ਘੜੀ ਸੁਲੱਖਣੀ ਆਵੇ ਕਦੋਂ ਦਾ ਦਿਲ ਇਹ ਚਾਹੁੰਦਾ ਸੀ
ਇਕ ਮੁੱਖੜਾ...

❖

ਕੋਈ ਐਸਾ ਗੀਤ ਹੋਵੇ

ਕੋਈ ਐਸਾ ਗੀਤ ਹੋਵੇ, ਜਿਹਨੂੰ ਸੁਣ ਮਨ ਠਰ ਜਾਵੇ
ਰੱਜ ਰੂਹ ਨੂੰ ਆ ਜਾਵੇ, ਚਿੱਤ ਚਾਅ ਨਾਲ ਭਰ ਜਾਵੇ

ਹੋਵੇ ਗੀਤ ਕੋਈ ਮਾਂ ਵਰਗਾ, ਪਿੱਪਲਾਂ ਦੀ ਛਾਂ ਵਰਗਾ
ਭਰੀ ਰੌਣਕ ਮੇਲੇ ਨਾ ਕਿਸੇ ਸਾਂਝੀ ਥਾਂ ਵਰਗਾ
ਬਰਕਤ ਹਰ ਘਰ ਹੋਵੇ ਸਭ ਦਾ ਹੀ ਸਰ ਜਾਵੇ
ਕੋਈ ਐਸਾ ਗੀਤ...

ਸਤਰਾਂ ਉਸ ਗੀਤ ਦੀਆਂ ਜਿਵੇਂ ਰੌਸ਼ਨ ਲੜੀਆਂ ਨੇ
ਚਾਵਾਂ ਦੀਆਂ ਕੰਨੀਆਂ ਜਿਉਂ ਘੁੱਟ ਕੇ ਹੱਥ ਫੜੀਆਂ ਨੇ
ਕੋਈ ਟੁੱਟ ਜੇ ਨਾ ਸੁਪਨਾ, ਕੋਈ ਰੀਝ ਨਾ ਮਰ ਜਾਵੇ
ਕੋਈ ਐਸਾ ਗੀਤ...

ਕਿਸੇ ਧੀ ਧਿਆਣੀ ਦਾ ਜਾਂ ਦਿਲ ਦੀ ਰਾਣੀ ਦਾ
ਰੋਜ਼ ਔਸੀਆਂ ਪਾਉਂਦੀ ਦਾ ਕਿਸੇ ਸੁੱਘੜ ਸਿਆਣੀ ਦਾ
ਪਈ ਕਾਗ ਉਡਾਉਂਦੀ ਜੋ ਕਦ ਸੋਹਣਾ ਘਰ ਆਵੇ
ਕੋਈ ਐਸਾ ਗੀਤ...

ਉਸ ਗੀਤ ਦੇ ਬੋਲਾਂ ਨੂੰ ਸ਼ਰਮਾਂ ਦੀ ਸਾਰ ਹੋਵੇ
'ਕੱਠੇ ਬਹਿ ਕੇ ਸੁਣ ਸਕਦਾ ਸਾਰਾ ਪਰਿਵਾਰ ਹੋਵੇ
ਠੰਡ ਸੀਨੇ ਪੈ ਜਾਵੇ ਸਭ ਪੀੜਾਂ ਹਰ ਜਾਵੇ
ਕੋਈ ਐਸਾ ਗੀਤ...

❖

ਸਾਹਾਂ ਦਾ ਆਉਣ ਜਾਣ

ਸਾਹਾਂ ਦੇ ਆਉਣ ਜਾਣ ਨੂੰ ਕਿਵੇਂ ਜ਼ਿੰਦਗੀ ਕਹਾਂ
ਸੱਜਣਾਂ ਦੇ ਰੁੱਸ ਕੇ ਜਾਣ ਦੀ ਕਿੰਝ ਪੀੜ ਮੈਂ ਸਹਾਂ

ਜਿਸ ਮੋੜ 'ਤੇ ਤੂੰ ਮਹਿਰਮਾ ਕਿਰਿਆ ਸੀ ਰੇਤ ਵਾਂਗ
ਹੁਣ ਵੀ ਮੈਂ ਉਸੇ ਮੋੜ 'ਤੇ ਚੁੱਪਚਾਪ ਜਾ ਬਹਾਂ
ਸਾਹਾਂ ਦੇ...

ਤੂੰ ਤਾਂ ਬੜੇ ਆਰਾਮ ਨਾਲ ਕਹਿ ਗਿਆ ਸੀ ਅਲਵਿਦਾ
ਕੀਕਣ ਮੈਂ ਤੇਰੀ ਪੈੜ ਨੂੰ ਦੱਸ ਅਲਵਿਦਾ ਕਹਾਂ
ਸਾਹਾਂ ਦੇ...

ਨਾ ਪਿਆਰ ਹੀ ਮਿਲਿਆ ਤੇਰਾ ਨਾ ਬੇਰੁਖ਼ੀ ਹੋਈ ਨਸੀਬ
ਦੱਸ ਤਾਂ ਭਲਾਂ ਕਿਸ ਆਸਰੇ ਦੁਨੀਆ 'ਚ ਮੈਂ ਰਹਾਂ
ਸਾਹਾਂ ਦੇ...

ਤੂੰ ਬਣ ਕੇ ਦਿਲ ਸੀ ਧੜਕਦਾ ਕਈ ਸੀਨਿਆਂ 'ਚ ਯਾਰ
ਬਿਨ ਤੇਰੇ ਸੁੰਨਾ ਹੋ ਗਿਐ ਸਾਰਾ ਹੀ ਇਹ ਜਹਾਂ
ਸਾਹਾਂ ਦੇ...

❖

ਪੁੱਤ ਤੋਰ ਵਿਦੇਸ਼ਾਂ ਨੂੰ

ਪੁੱਤ ਤੋਰ ਵਿਦੇਸ਼ਾਂ ਨੂੰ ਮਾਵਾਂ ਕਰਨ ਕੰਧਾਂ ਨਾਲ ਗੱਲਾਂ
ਦੱਸ ਮੇਰੇ ਲਾਡਲਿਆ ਤੇਰੀ ਕਿਵੇਂ ਜੁਦਾਈ ਝੱਲਾਂ

ਤੈਨੂੰ ਕਦੇ ਨਾ ਘੱਲਦੀ ਮੈਂ ਰੋਜ਼ਗਾਰ ਜੇ ਮਿਲਦਾ ਏਥੇ
ਬੂਰ ਪੈਂਦਾ ਸੁਪਨਿਆਂ ਨੂੰ ਫੁੱਲ ਰੂਹ ਦਾ ਖਿਲਦਾ ਏਥੇ
ਸਾਡੇ ਘਰਾਂ ਨੂੰ ਖਾ ਗਏ ਨੇ ਜਿਹੜੇ ਰਹਿੰਦੇ ਵਿਚ ਮਹੱਲਾਂ
ਦੱਸ ਮੇਰੇ ਲਾਡਲਿਆ...

ਕੰਧੀਂ ਕੌਲੀਂ ਵੱਜਦੀ ਆ ਕਦੇ ਤੇਰੀ ਫੋਟੋ ਮੂਹਰੇ ਬਹਿ ਜਾਂ
ਤੱਕ ਤੇਰੇ ਕਮਰੇ ਨੂੰ ਮੈਂ ਤਾਂ ਵਿਚ ਉਦਾਸੀ ਲਹਿ ਜਾਂ
ਰਹਾਂ ਬਿੜਕਾਂ ਲੈਂਦੀ ਵੇ ਨੈਣੋਂ ਨੀਰ ਮਾਰਦੈ ਛੱਲਾਂ
ਦੱਸ ਮੇਰੇ ਲਾਡਲਿਆ...

ਚਿੱਤ ਕੀਹਦਾ ਕਰਦੈ ਵੇ ਪਾਲ਼ ਪੋਸ ਕੇ ਤੋਰੇ ਪੁੱਤ ਨੂੰ
ਡਰ ਇਹ ਵੀ ਰਹਿੰਦਾ ਸੀ ਖਾ ਜਾਣ ਨਾ ਝੋਰੇ ਪੁੱਤ ਨੂੰ
ਹੁਣ ਔਸੀਆਂ ਪਾਉਨੀ ਆਂ ਕਦੋਂ ਮੁੜੂ ਮਾਰ ਕੇ ਮੱਲਾਂ
ਦੱਸ ਮੇਰੇ ਲਾਡਲਿਆ...

ਸਾਡਾ ਮੁਲਕ ਤਾਂ ਸੋਹਣਾ ਸੀ ਇਹਨੂੰ ਇਹਦੇ ਰਹਿਬਰ ਖਾ ਗੇ
ਅਸੀਂ ਘਰੋਂ ਬੇਘਰ ਹੋ ਗਏ ਉਹ ਮਹਿਲ ਮੁਨਾਰੇ ਪਾ ਗੇ
'ਸੋਹੀ' ਬਗਲੇ ਮਿਲਦੇ ਨੇ ਹੁਣ ਪਾ ਹੰਸਾਂ ਦੀਆਂ ਖੱਲਾਂ
ਦੱਸ ਮੇਰੇ ਲਾਡਲਿਆ...

❖

ਤੂੰ ਫ਼ਿਕਰ ਨਾ ਕਰ

ਤੂੰ ਫ਼ਿਕਰ ਨਾ ਕਰ ਅੰਮੀਏ
ਤੇਰੀ ਧੀ ਚਮਕਾਊ ਨਾਮ ਤੇਰਾ
ਐਵੇਂ ਨਾ ਤੂੰ ਡਰ ਅੰਮੀਏ
ਪੜ੍ਹ-ਲਿਖ ਕੇ ਮੈਂ ਹੂੰਝਣਾ ਹਨੇਰਾ

ਦੁੱਖ ਜ਼ਿੰਦਗੀ 'ਚ ਬੜੇ ਨੇ ਹੰਢਾਏ ਤੂੰ
ਕਦੇ ਕੱਪੜੇ ਵੀ ਚੱਜ ਦੇ ਨਾ ਪਾਏ ਤੂੰ
ਪੀੜਾਂ ਸਹਿ ਕੇ ਮੈਨੂੰ ਲਾਡ ਲਡਾਏ ਤੂੰ
ਰੋਮ-ਰੋਮ ਕਰਜ਼ਾਈ ਮਾਏ ਤੇਰਾ
ਤੂੰ ਫ਼ਿਕਰ...

ਪੁੱਤਰਾਂ ਤੋਂ ਵੱਧ ਕੇ ਮੈਂ ਕੰਮ ਕਰਨਾ
ਸੰਗਤ ਨਾ ਮਾੜੀ ਵਿਚ ਪੈਰ ਧਰਨਾ
ਖ਼ੁਸ਼ੀਆਂ ਦੇ ਨਾਲ ਜਦੋਂ ਵਿਹੜਾ ਭਰਨਾ
ਮਾਣ ਤੇਰੇ 'ਤੇ ਕਰੂਗਾ ਬਾਪੂ ਮੇਰਾ
ਤੂੰ ਫ਼ਿਕਰ...

ਮੈਨੂੰ ਪੜ੍ਹਨ ਸਕੂਲੇ ਬਸ ਪਾ ਦੇ ਤੂੰ
ਲੜ ਅੱਖਰਾਂ ਦੇ ਇਕ ਵਾਰੀ ਲਾ ਦੇ ਤੂੰ
ਇਕ ਸੋਹਣਾ ਜਿਹਾ ਬਸਤਾ ਲਿਆ ਦੇ ਤੂੰ
ਛੇਤੀ ਕਰ ਐਵੇਂ ਕਰ ਨਾ ਅਵੇਰਾ
ਤੂੰ ਫ਼ਿਕਰ...

ਕਈ ਮਾਰ ਦਿੰਦੇ ਕੁੱਖ ਵਿਚ ਧੀਆਂ ਨੂੰ
ਬੋਹੜ ਤਰਸਦੇ ਰਹਿੰਦੇ ਫੇਰ ਤੀਆਂ ਨੂੰ
'ਸੋਹੀ' ਧੀਆਂ ਕਿੱਥੇ ਦੇਣ ਅਰਜ਼ੀਆਂ ਨੂੰ
ਖ਼ੌਰੇ ਹੋਣਾ ਕਦੋਂ ਸੂਝ ਦਾ ਸਵੇਰਾ
ਤੂੰ ਫ਼ਿਕਰ...

❖

ਪਿੰਡ ਚੁੱਪ ਹੋ ਗਿਆ

ਬੱਕਰੇ ਬੁਲਾਉਣ ਵਾਲ਼ਾ ਪਿੰਡ ਚੁੱਪ ਹੋ ਗਿਆ
ਟਿੱਚਰ ਮਖੌਲ ਹਾਸਾ ਖ਼ੌਰੇ ਕਿੱਥੇ ਖੋ ਗਿਆ

ਤੱਤੀਆਂ ਹਵਾਵਾਂ ਕਿਹੜਾ ਪਹਿਲਾਂ ਨ੍ਹੀਂ ਸੀ ਵਗੀਆਂ
ਟੁੱਟੀਆਂ ਡੰਗੋਰੀਆਂ ਜਾਂ ਬਾਹਾਂ ਨ੍ਹੀਂ ਸੀ ਭੱਜੀਆਂ
ਰਾਖ ’ਚੋਂ ਉਦੈ ਤੂੰ ਤਾਂ ਫੇਰ ਵੀ ਸੀ ਹੋ ਗਿਆ
ਬੱਕਰੇ ਬੁਲਾਉਣ ਵਾਲ਼ਾ…

ਆਬਾਂ ਦਿਆਂ ਜਾਇਆਂ ਤਾਈਂ ਨਿੱਤ ਸੀ ਮੁਹਿੰਮਾਂ ਏਥੇ
ਭੁੱਖੇ ਨੂੰ ਰਜਾਉਣਾ ਅੰਨਦਾਤੇ ਦਾ ਸੀ ਜ਼ਿੰਮਾ ਏਥੇ
ਉੱਗ ਪਿਆ ਸੋਨਾ ਜਿੱਥੇ ਮੁੜ੍ਹਕਾ ਸੀ ਚੋਅ ਗਿਆ
ਬੱਕਰੇ ਬਲਾਉਣ ਵਾਲ਼ਾ…

ਸੰਕਟਾਂ ਦੀ ਘੜੀ ਇਹ ਵੀ ਆ ਕੇ ਲੰਘ ਜਾਣੀ ਐ
ਏਸੇ ਹੀ ਘੜੀ 'ਚ ਜਾਣੀ ਸੀਰਤ ਪਛਾਣੀ ਐ
ਜਿੱਤਣਾ ਹੈ ਉਹਨੇ ਜਿਹੜਾ ਡਟ ਕੇ ਖਲ੍ਹੋ ਗਿਆ
ਬੱਕਰੇ ਬੁਲਾਉਣ ਵਾਲ਼ਾ...

ਹਾਲ-ਚਾਲ ਪੁੱਛ ਲਵੋ ਮਿੱਤਰ ਪਿਆਰਿਆਂ ਦਾ
ਹਰ ਹਾਲ ਸਾਥ ਦੇਵੋ ਬੁੜ੍ਹਿਆਂ ਵਿਚਾਰਿਆਂ ਦਾ
ਹੌਸਲੇ ਦਾ ਮੀਂਹ ਸਦਾ ਬਿਪਤਾ ਨੂੰ ਧੋ ਗਿਆ
ਬੱਕਰੇ ਬੁਲਾਉਣ ਵਾਲ਼ਾ...

❖